ੴ

ਮਾਸਕ ਪੱਤਰ

# ਸੂਰਾ

## ਅੰਮ੍ਰਿਤਸਰ

### ਜਬਰ ਨਾਲ ਸਬਰ ਦੀ ਪਰਖ

ਜ਼ਾਲਮ ਤੇ ਹਤਿਆਰੇ ਮੁਗ਼ਲ, ਆਰੇ ਨਾਲ ਦੋਫਾੜ ਚੀਰਨ ਦਾ ਕਹਿਰ ਕਮਾ ਰਹੇ ਹਨ।

ਅਕਤੂਬਰ ੧੯੮੪

OCT 1984



ਭਾਈ ਮਤੀ ਦਾਸ ਜੀ ਚਾਂਦਨੀ ਚੌਕ ਦਿਲੀ ਵਿਖੇ ਸ਼ਹੀਦੀ ਜਾਮ ਪੀ ਰਹੇ ਹਨ।

www.AKJ.Org

ਡੀ. ਪੀ. ਆਈ. ਪੰਜਾਬ ਵਲੋਂ ਚਿਠੀ ਨੰ: ੧-੭੦-੬੮-੨੧ ਮਿਤੀ ੧੭-੧੦-੬੮ ਅ. ਪ. ਅਨੁਸਾਰ
'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬਰੇਰੀਆਂ ਲਈ ਪਰਵਾਨ ਹੈ।

# ਤ ਤ ਕ ਰਾ


| | | |
|---|---|---|
| ਨਿਜ ਪੰਥ ਚਲਾਇਓ ਖਾਲਸਾ | ੩ | ਭਾਈ ਗੁਰਦਾਸ ਜੀ |
| 'ਵਾਹਿਗੁਰੂ' ਗੁਰਮੰਤ੍ਰ ਦਾ ਸਿਮਰਨ | ੪ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਕਾਰ-ਸੇਵਾ ਦੀ ਮਹਾਨ ਉਚਤਾ | ੮ | ਪ੍ਰੋਫੈਸਰ ਸ਼ਮਸ਼ੇਰ ਸਿੰਘ ਜੀ |
| ਜੀਵਨ-ਝਲਕੀਆਂ ਡਾ: ਸੁਰਿੰਦਰ ਸਿੰਘ ਜੀ (੧੨) | ੧੧ | — — — |
| ਵਾਹਿਗੁਰੂ ਤੋਂ ਘੁਥੇ ਦੇਸ਼-ਸੇਵਕਾਂ ਦੀ ਸੇਵਾ | ੧੪ | ਪ੍ਰੋਫੈਸਰ ਸਾਹਿਬ ਸਿੰਘ ਜੀ |
| ਸਿੰਘਾਂ ਦੀਆਂ ਸ਼ਹੀਦੀਆਂ (ਕਾਵਿ ਰੂਪ) | ੧੬ | ਗਿਆਨੀ ਦਿਤ ਸਿੰਘ ਜੀ |
| ਇਕ ਦੂ ਜੀਭੌ ਲਖ ਹੋਹਿ | ੨੦ | ਪ੍ਰੋਫੈਸਰ ਗੁਰਮੁਖ ਸਿੰਘ ਜੀ |
| ਸ੍ਰੀ ਹਰਿਮੰਦਰ ਸਾਹਿਬ ਦੀ ਮਰਯਾਦਾ | ੨੩ | ਗਿਆਨੀ ਜਗਜੀਤ ਸਿੰਘ ਜੀ |
| ਭਾਈ ਮਤੀ ਦਾਸ ਜੀ ਦੀ ਸ਼ਹੀਦੀ | ੨੭ | 'ਸੂਰਾ' ਪਰਵਾਰ |
| ਕਿਰਤ ਕਰਮ | ੩੨ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਦਾ ਭਾਸ਼ਨ | ੩੫ | ਸਿੰਘ ਸਾਹਿਬ ਕਿਰਪਾਲ ਸਿੰਘ ਜੀ |
| ਪੰਥਕ ਸਮਾਚਾਰ | ੩੮ | ਅਖ਼ਬਾਰਾਂ ਦੀ ਜ਼ਬਾਨੀ |


ਸ੍ਰੀ ਗੁਰੂ ਰਾਮਦਾਸ ਜੀ ਅਵਤਾਰ ਧਾਰਿਆ ੧੨ ਅਕਤੂਬਰ
ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਗੁਰਿਆਈ ਮਿਲੀ ੧੯ ਅਕਤੂਬਰ   ਸ੍ਰੀ ਗੁਰੂ ਹਰਿ ਰਾਇ ਜੀ ਜੋਤੀ ਜੋਤਿ ੧੯ ਅਕਤੂਬਰ
ਸ੍ਰੀ ਗੁਰੂ ਗ੍ਰੰਥ ਸਾਹਿਬ ਗਦੀ ਨੰਦੇੜ ੨੬ ਅਕਤੂਬਰ   ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜੋਤੀ ਜੋਤਿ ੨੮ ਅਕਤੂਬਰ

ਨੋਟ—(੧) ਸ਼ਹੀਦ ਭਾਈ ਤਾਰਾ ਸਿੰਘ ਜੀ 'ਵਾਂ' ਦੂਜੀ ਕਿਸ਼ਤ, ਕਪਟਨ ਸਵਰਨ ਸਿੰਘ ਜੀ ਵਲੋਂ ਰਤਾ ਲੇਟ ਪੁਜਣ ਕਾਰਨ ਆਉਂਦੇ ਪਰਚੇ ਵਿਚ ਛਪੇਗੀ।

(੨) ਦਿੱਲੀ ਸਾਲਾਨਾ ਸਮਾਗਮ ਕੈਂਸਲ ਹੋਣ ਦੀ ਇਤਲਾਹ ਦੇਣ ਲਈ ਪਰਚਾ ਰਤਾ ਪਹਿਲਾਂ ਪੋਸਟ ਕੀਤਾ ਜਾ ਰਿਹਾ ਹੈ।

## 'ਸੂਰਾ' ਮਾਸਕ ਪੱਤਰ ਨੂੰ ਪੁਜੀ ਸਹਾਇਤਾ

| | | |
|---|---|---|
| ਸ: ਕੁਲਵੰਤ ਸਿੰਘ ਮੁਹਾਲੀ | ਭੁਜੰਗੀ ਦੇ ਜਨਮ ਦੀ ਖੁਸ਼ੀ ਵਿਚ | ੧੧—੦੦ |
| ਸ: ਕਾਬਲ ਸਿੰਘ ਸੋਢੀ ਗ੍ਰੇਵਜ਼ੈਂਡ (ਯੂ. ਕੇ.) | ਸੂਰਾ ਦੀ ਚੜ੍ਹਦੀ ਕਲਾ ਲਈ | ੩੩—੬੦ |
| ਸ: ਕੰਵਰਜੀਤ ਸਿੰਘ (ਕਾਨਪੁਰੀ) ਸੁਲਤਾਨਪੁਰ | ਪਿਤਾ ਜੀ ਦੇ ਅੰਤਮ ਭੋਗ ਸਮੇਂ | ੨੧—੦੦ |
| ਸੰਗਤ ਗ੍ਰੇਵਜੈਂਡ ਰਾਹੀਂ ਭਾ: ਰਾਮ ਸਿੰਘ ਯੂ ਕੇ. | ਸੂਰਾ ਦੀ ਚੜ੍ਹਦੀ ਕਲਾ ਲਈ | ੩੮੫—੫੦ |
| ਸ: ਗੁਰਮੀਤ ਸਿੰਘ ਬਰਾੜ ਹੈਡਮਾਸਟਰ ਮੋਗਾ | ,, ,, | ੨੦—੦੦ |
| ਡਾ: ਬੇਅੰਤ ਸਿੰਘ ਨਵੀਂ ਦਿੱਲੀ | ਸ੍ਰੀ ਅਖੰਡਪਾਠ ਦੇ ਭੋਗ ਸਮੇਂ | ੫੦—੦੦ |
| ਸ: ਗੁਰਮਹਿੰਦਰ ਸਿੰਘ ਰਾਹੀਂ ਭਾ: ਮੁਹਕਮ ਸਿੰਘ ਕਵੈਤ | ਸੂਰਾ ਦੀ ਚੜ੍ਹਦੀ ਕਲਾ ਲਈ (ਸ੍ਰੀ ਅਖੰਡ ਪਾਠ ਦੇ ਭੋਗ ਸਮੇਂ) | ੪੦੦—੦੦ |

ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੨੬.੯.੮੪ ਨੂੰ ਪ੍ਰਕਾਸ਼ਤ ਕੀਤਾ।

ਟੈਲੀਫੋਨ ਨੰਬਰ : 51847   ਘਰ 43094

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥


# ਸੂਰਾ

ੴ ਵਾਹਿਗੁਰੂ ਜੀ ਕੀ ਫਤਹ

ਮਾਸਕ — ਸ੍ਰੀ ਅੰਮ੍ਰਿਤਸਰ — ਪੱਤਰ

**ਸਾਲਾਨਾ ਚੰਦਾ**

ਦੇਸ ੧੫-੦੦

ਇਕ ਪਰਚਾ ੧-੫੦

**ਪਰਦੇਸ**

ਸਮੁੰਦਰੀ ਡਾਕ ੩੫-੮੦

ਹਵਾਈ ਡਾਕ

ਅਰਬ, ਮਲਾਇਆ ੫੫-੦੦

ਯੂ. ਕੇ., ਅਫਰੀਕਾ ੭੫-੦੦

ਕੈਨੇਡਾ, ਅਮਰੀਕਾ ੯੦-੦੦

**ਅਮਾਨਤੀ**

**ਲਾਈਫ ਮੈਂਬਰ**

ਦੇਸ ੧੫੦—੦੦

ਪਰਦੇਸ ੩੫੦—੦੦

ਹਵਾਈ ਡਾਕ

ਯੂ. ਕੇ. ਅਫਰੀਕਾ ੭੫੦—੦੦

ਕੈਨੇਡਾ, ਅਮਰੀਕਾ ੯੦੮—੦੦

ਅਰਬ ਮਲਾਇਆ ੫੫੮—੦੦

**ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ**

ਜਿਲਦ ੧੮ | ਅਕਤੂਬਰ ੧੯੮੪ | ਅੰਕ ੧੦


## ਨਿਜ ਪੰਥ ਚਲਾਇਓ ਖਾਲਸਾ

ਗੁਰੁ ਗੋਬਿੰਦ ਸਿੰਘ ਪ੍ਰਗਟਿਓ ਦਸਵਾਂ ਅਵਤਾਰਾ ॥ ਜਿਨ ਅਲਖ ਅਪਾਰ ਨਿਰੰਜਨਾ ਜਪਿਓ ਕਰਤਾਰਾ ॥
ਨਿਜ ਪੰਥ ਚਲਾਇਓ ਖਾਲਸਾ ਧਰਿ ਤੇਜ ਕਰਾਰਾ ॥ ਸਿਰ ਕੇਸ ਧਰਿ, ਕਰ ਖੜਗ ਕੋ,ਸਭ ਦੁਸਟ ਪਛਾਰਾ ॥
ਸੀਲ ਜਤ ਕੀ ਕਛ ਪਹਰਿ ਪਕੜਿਓ ਹਥਿਆਰਾ ॥ ਸਚ ਫਤੇ ਬੁਲਾਈ ਗੁਰੂ ਕੀ ਜੀਤਿਓ ਰਣ ਭਾਰਾ ॥
ਸਭ ਦੈਤ ਅਰਿਨ ਕੋ ਘੇਰ ਕਰਿ ਕੀਜੈ ਪਰਿਹਾਰਾ ॥ ਜਬ ਸਹਿਜੇ ਪ੍ਰਗਟਿਓ ਜਗਤ ਮੈ ਗੁਰ ਜਾਪ ਅਪਾਰਾ ॥
ਯੋਂ ਉਪਜੇ ਸਿੰਘ ਭੁਜੰਗੀਏ ਨੀਲੰਬਰ ਧਾਰਾ ॥ ਤੁਰਕ ਦੁਸਟ ਸਭ ਛੈ ਕੀਏ ਹਰਿਨਾਮ ਉਚਾਰਾ ॥
ਤਿਨ ਆਗੈ ਕੋਇ ਨ ਠਹਿਰਿਓ ਭਾਗੇ ਸਿਰਦਾਰਾ ॥ ਜਹ ਰਾਜੇ ਸਾਹ ਅਮੀਰੜੇ ਹੋਏ ਸਭ ਛਾਰਾ ॥
ਫਿਰ ਸੁਣ ਕਰਿ ਐਸੀ ਧਮਕ ਕਉ ਕਾਂਪੈ ਗਿਰਿ ਭਾਰਾ ॥ ਤਬ ਸਭ ਧਰਤੀ ਹਲ ਚਲ ਭਈ ਛਾਡੇ ਘਰ ਬਾਰਾ ॥
ਇਉਂ ਐਸੇ ਦੁੰਦ ਕਲੇਸ ਮਹਿ ਖਪਿਓ ਸੰਸਾਰਾ ॥ ਤਹਿ ਬਿਨੁ ਸਤਿਗੁਰ ਕੋ ਹੈ ਨਹੀ ਭੈ ਕਾਟਨਹਾਰਾ ॥
ਗਹਿ ਐਸੇ ਖੜਗ ਦਿਖਾਇਅਨ ਕੋ ਸਕੈ ਨਾ ਝੇਲਾ ॥
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ ॥ ੧੫ ॥

—ਭਾਈ ਗੁਰਦਾਸ ਜੀ



www.AKJ.Org

# 'ਵਾਹਿਗੁਰੂ' ਗੁਰਮੰਤ੍ਰ ਦਾ ਸਿਮਰਨ

[ਗੁਰਪੁਰ ਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ]

ਵਿਸਮਾਦ ਰੂਪ ਅਕਾਲ ਪੁਰਖ ਦੀ ਸਿਫ਼ਤ ਸਲਾਹ ਭੀ ਵਿਸਮਾਦ ਰੂਪ ਹੈ। ਨਾਮ, ਗੁਰਮਤਿ ਨਾਮ ਹੀ ਸੱਚੀ ਤੱਤ ਸਿਫ਼ਤ ਸਾਲਾਹ ਹੈ। ਨਾਮ ਰੂਪੀ ਸਿਫ਼ਤ ਸਾਲਾਹ, ਵਿਸਮਾਦ ਰੰਗਾਂ ਵਾਲੀ ਧੰਨਯਤਾ ਹੈ, ਵਿਸਮਾਦੀ ਅਕਾਲ ਪੁਰਖ (ਨਾਮੀ) ਵਾਹਿਗੁਰੂ ਦੀ ਖਿਨ ਖਿਨ ਸ਼ੁਕਰ-ਗੁਜ਼ਾਰੀ, ਕ੍ਰਿਸ਼ਮਕ ਸ਼ੁਕਰ-ਗੁਜ਼ਾਰੀ ਹੈ, ਜੋ ਨਾਮ ਨਾਮੀ ਅਭੇਦ ਵਿਸਮਾਦ ਰੰਗਾਂ ਵਿਚ ਹੀ ਗੁਰੂ ਗੁਣਤਾਸ ਵਲੋਂ ਉਚਾਰੀ, ਸੰਵਾਰੀ ਤੇ ਸੰਚਾਰੀ ਗਈ। ਜੋ ਇਸ ਦੇ (ਸਿਫਤ-ਸਲਾਹ ਰੂਪੀ ਧੰਨਯਤਾ ਦੇ) ਉਚਾਰਨਹਾਰੇ ਨੂੰ ਓੜਕ ਪਾਰਸ ਰਸਾਇਣੀ ਕਲਾ ਵਰਤਾਇ ਕੇ ਵਿਸਮਾਦ ਰੰਗਾਂ ਵਿਚ ਹੀ ਜਾ ਲੀਨ ਕਰਾਉਣ ਨੂੰ ਸਮਰੱਥ ਹੈ। ਨਾਮ ਦੇ ਉਚਾਰਨਹਾਰਾ ਸੁਆਸ ਸੁਆਸ ਗੁਰ-ਸ਼ਬਦ-ਅਭਿਆਸ ਦੁਆਰਾ ਧੰਨ ਧੰਨ, ਵਾਹੁ ਵਾਹੁ ਦੀ ਟੇਰ, ਰਟ ਲਗਾ ਕੇ, ਵਾਸਤਵ ਵਿਚ ਵਾਹਿਗੁਰੂ ਅਕਾਲ ਪੁਰਖ ਦੀ ਖਿਨ ਖਿਨ ਸ਼ੁਕਰ-ਗੁਜ਼ਾਰੀ ਕਰਦਾ ਹੈ।

**ਇਹ ਸ਼ੁਕਰ-ਗੁਜ਼ਾਰੀ ਤੇ ਕ੍ਰਿਤਗਯਤਾ ਕਾਹਦੀ ਹੈ ?** ਜਿਸ ਕਰਕੇ ਕੇਵਲ ਪ੍ਰਸ਼ਾਦਾ ਛਕਣ, ਬਿਸਤਰੇ ਪਰ ਲੇਟਣ ਸਮੇਂ ਯਾ ਸੋਹਣੇ ਬਸਤਰ ਮਿਲਣ ਵੇਲੇ ਯਾ ਆਪਣੇ ਸੋਹਣੇ ਰਿਹਾਇਸ਼ੀ ਮੰਦਰ ਤੱਕਣ ਸਮੇਂ ਹੀ ਏਨ੍ਹਾਂ ਵਸਤੂਆਂ ਦੇ ਭੋਗਣਹਾਰੇ ਦੇ ਮਨ ਵਿਚ ਇਸ ਪ੍ਰਕਾਰ ਦਾ ਕੇਵਲ ਛਿੰਨ-ਭੰਗਰੀ ਖ਼ਿਆਲ ਹੀ ਖ਼ਿਆਲ ਉਪਜੇ ਕਿ "ਹੇ ਦਾਤਾਰ ਵਾਹਿਗੁਰੂ, ਤੂੰ ਧੰਨ ਹੈਂ।" ਧੰਨਤਾ, ਕ੍ਰਿਤੱਗਤਾ ਦੇ ਛਿਨ-ਭੰਗਰੀ ਖ਼ਿਆਲ ਮਾਤ੍ਰ ਆਉਣ ਨੂੰ ਤਾਂ, ਜੈਸਾ ਕਿ ਇਕ ਸਜਣ ਦਸਦੇ ਹਨ, ਕਈ ਫ਼ਲਸਫ਼ੀਏ ਪ੍ਰੋਫ਼ੈਸਰ ਐਨ ਗੁਰਮਤਿ-ਨਾਮ-ਸਿਮਰਨ ਸਮਝਦੇ ਹਨ, ਪ੍ਰੰਤੂ ਗੁਰਮਤਿ ਨਾਮ ਰੂਪੀ ਧੰਨਯਤਾ ਦੀ ਸਮੁੱਚੀ ਰਟ ਅਤੇ ਖਿਨ ਖਿਨ ਟੇਰ-ਪੁਕਾਰ, ਅਰਥਾਤ, ਨਾਮ-ਅਭਿਆਸ ਰੂਪੀ ਜਪ ਜਾਪ ਉਨ੍ਹਾਂ ਦੇ ਨਿਕਟ ਐਵੇਂ ਉਨ੍ਹਾਂ ਦੇ ਆਪਣੇ ਲਫ਼ਜ਼ਾਂ ਵਿਚ "ਕਿਸੇ ਇਕ ਨਾਮ ਦੀ ਮਕੈਨੀਕਲ ਰੈਪੀਟੀਸ਼ਨ ਹੀ ਹੈ" (ਅਰਥਾਤ, ਇਕ ਨਾਮ ਨੂੰ ਐਵੇਂ ਮੁੜ ਮੁੜ ਦੁਹਰਾਈ ਕਹੀ ਜਾਣਾ ਹੀ ਹੈ)। ਗੁਰਮਤਿ ਨਾਮ ਰੂਪੀ ਸਿਫਤ ਸਾਲਾਹ ਮਈ ਸ਼ੁਕਰਾਨਾ ਮਹਿਜ਼ ਮਹਿਦੂਦ ਅਪਸੁਆਰਥੀ ਖ਼ਿਆਲਾਂ ਵਾਲਾ ਛਿੰਨ-ਭੰਗਰੀ ਮਨੋਰਥ-ਪੂਰਤੀ ਤੋਂ ਉਪਜਿਆ ਫ਼ਸਾਨਾ ਹੀ ਨਹੀਂ, ਬਲਕਿ "ਬਿਸਮੁ ਪੇਖੈ ਬਿਸਮੁ ਸੁਣੀਐ ਬਿਸਮਾਦੁ ਨਦਰੀ ਆਇਆ" ਦੀ ਅਵਸਥਾ ਵਾਲਾ ਵਸੀਅ ਆਤਮ-ਤਰੰਗੀ ਤਰਾਨਾ ਹੈ। ਯਥਾ ਗੁਰਵਾਕ :

ਵਾਹੁ ਵਾਹੁ ਤਿਸ ਨੋ ਆਖੀਐ ਜਿ ਸਚਾ ਗਹਿਰ ਗੰਭੀਰੁ ॥
ਵਾਹੁ ਵਾਹੁ ਤਿਸ ਨੋ ਆਖੀਐ ਜਿ ਗੁਣਦਾਤਾ ਮਤਿ ਧੀਰੁ ॥
ਵਾਹੁ ਵਾਹੁ ਤਿਸ ਨੋ ਆਖੀਐ ਜਿ ਸਭ ਮਹਿ ਰਹਿਆ ਸਮਾਇ ॥
ਵਾਹੁ ਵਾਹੁ ਤਿਸ ਨੋ ਆਖੀਐ ਜਿ ਦੇਦਾ ਰਿਜਕੁ ਸਬਾਹਿ ॥
ਨਾਨਕ ਵਾਹੁ ਵਾਹੁ ਇਕੋ ਕਰਿ ਸਲਾਹੀਐ ਜਿ ਸਤਿਗੁਰ ਦੀਆ ਦਿਖਾਇ ॥੧॥੧੬॥

(ਸਲੋਕ ਮ: ੩, ਗੂਜਰੀ ਕੀ ਵਾਰ ਮ: ੩, ਪੰਨਾ ੫੧੪-੧੫)

"ਇਕੋ ਕਰਿ ਸਾਲਾਹੀਐ ਜਿ ਸਤਿਗੁਰ ਦੀਆ ਦਿਖਾਇ" ਵਾਲੀ ਪੰਗਤੀ ਸਾਫ ਇਕੋ ਗੁਰਮਤਿ ਨਾਮ ਦਾ ਅਰਾਧਣਾ ਸਹੀ ਕਰਦੀ ਹੈ ਤੇ ਸਹੀ ਰਖਦੀ ਹੈ। ਹਰ ਇਕ ਨਾਮ ਯਾ ਜਣੇ ਖਣੇ (ਨਾਮ) ਅਥਵਾ ਗੁਰਮਤਿ ਨਾਮ ਤੋਂ ਬਿਨਾਂ ਹੋਰ ਕਿਸੇ ਨਾਮ ਦੇ ਜਪਣ ਦਾ ਵਿਧਾਨ ਗੁਰਮਤਿ ਅੰਦਰ ਉੱਕਾ ਹੀ ਨਹੀਂ। ਫੇਰ ਇਸ ਤੋਂ ਅਗਲੇਰੇ ਸਲੋਕ ਦੀਆਂ ਤੁਕਾਂ ਦਸਦੀਆਂ ਹਨ ਕਿ ਗੁਰਮਤਿ ਨਾਮ ਕੇਵਲ ਖ਼ਾਸ ਖ਼ਾਸ ਸਮਿਆਂ ਤੇ ਉਪੰਨੇ ਖਿਆਲਾਂ ਦੀਆਂ ਸ਼ੁਕਰ-ਗੁਜ਼ਾਰੀਆਂ ਦਾ ਛਿਨ-ਭੰਗਰੀ ਅਨੁਮਾਨ ਹੀ ਨਹੀਂ, ਸਗੋਂ ਸਦੀਵੀ ਸਾਸ-ਗਿਰਾਸੀ ਜਾਪ-ਅਭਿਆਸ ਦਾ ਤੱਤ ਗਿਆਨ ਹੈ। ਯਥਾ ਗੁਰਵਾਕ :



www.AKJ.Org

ਵਾਹੁ ਵਾਹੁ ਗੁਰਮੁਖ ਸਦਾ ਕਰਹਿ, ਮਨਮੁਖ ਮਰਹਿ ਬਿਖੁ ਖਾਇ ॥
ਓਨਾ ਵਾਹੁ ਵਾਹੁ ਨ ਭਾਵਈ ਦੁਖੇ ਦੁਖਿ ਵਿਹਾਇ ॥
ਗੁਰਮੁਖਿ ਅੰਮ੍ਰਿਤੁ ਪੀਵਣਾ ਵਾਹੁ ਵਾਹੁ ਕਰਹਿ ਲਿਵ ਲਾਇ ॥
ਨਾਨਕ ਵਾਹੁ ਵਾਹੁ ਕਰਹਿ ਸੇ ਜਨ ਨਿਰਮਲੇ ਤ੍ਰਿਭਵਣ ਸੋਝੀ ਪਾਇ ॥੨॥੧੬॥
(ਮ: ੩, ਪੰਨਾ ੫੧੫)

ਇਹ ਗੁਰਵਾਕ ਗੁਰਮਤਿ ਦੁਆਰਾ ਕੇਵਲ ਅਲਪ-ਕਲਪੀ-ਸ਼ੁਕਰਾਨਾ ਹੀ ਨਹੀਂ ਦ੍ਰਿੜਾਉਂਦੇ, ਸਗੋਂ ਸਦੀਵਕਾਲੀ ਛਿਨ ਛਿਨ ਸੁਆਸ ਸੁਆਸ ਸੰਮਾਲੀ ਅੰਮ੍ਰਿਤ-ਤ੍ਰਿਪਤਾਛਾ ਹੀ ਬੁਝਾਉਂਦੇ ਹਨ। ਅਰਥਾਤ ਨਾਮ ਅਭਿਆਸ ਜਾਪ ਕੇਵਲ ਸਰੀਰਕ ਜ਼ਰੂਰੀਆਤ-ਪੂਰਤੀ ਸ਼ੁਕਰਾਨੇ ਵਜੋਂ ਹੀ ਨਹੀਂ ਕੀਤਾ ਜਾਂਦਾ, ਸਗੋਂ ਗੁਰਮੁਖਾਂ ਦਾ ਛਿਨ ਛਿਨ ਨਾਮ ਜਪਣਾ ਸੁਆਸ ਸੁਆਸ ਅੰਮ੍ਰਿਤ ਗਟਾਕਾਂ ਦਾ ਭੁੰਚਣਾ ਹੈ। ਮਨਮੁਖ ਲੋਕ ਆਪਣੀ ਮਨੋਰਥ-ਪੂਰਤੀ ਹਿਤ ਕੁਝ ਮਿੰਟਾਂ ਸਕਿੰਟਾਂ ਲਈ ਹੀ ਨਾਮ ਜਪਦੇ ਹਨ। ਫੇਰ ਸੁੰਞੇ ਦੇ ਸੁੰਞੇ, ਨਾਮੋਂ ਸੱਖਣੇ ਹੋ ਕੇ ਆਪਣੇ ਖ਼ਿਆਲਾਂ ਤੇ ਸੰਸਾਰਕ ਚਿਤਵਣੀਆਂ ਦੁਆਰਾ ਬਿਵਹਾਰਕ ਖਬਤ ਖਿਚੋਤਾਣੀਆਂ, ਖਚਤਾਈਆਂ ਦੁਆਰਾ ਬਿਖ ਹੀ ਵਿਹਾਝਦੇ ਰਹਿੰਦੇ ਹਨ। ਬਿਖ ਸੰਚਦੇ ਹਨ ਤੇ ਬਿਖ ਦੇ ਗਟਾਕ ਹੀ ਖਾਂਦੇ ਪੀਂਦੇ ਹਨ। ਇਸ ਬਿਧ ਸਾਰੀ ਅਉਧ ਬਿਖ ਖਾ ਖਾ ਕੇ ਹੀ ਮਰਦੇ ਰਹਿੰਦੇ ਹਨ। ਗੁਰਮੁਖ ਸੁਚਿਆਰ ਸਿੱਖ ਵਾਹੁ ਵਾਹੁ ਰੂਪੀ ਸਿਫਤ-ਸਾਲਾਹ ਦੀ ਲਿਵਤਾਰ ਜੋੜ ਕੇ ਦਮ-ਬਦੰਮ ਅੰਮ੍ਰਿਤ ਛਾਂਦੇ ਹੀ ਭੁੰਚਦੇ ਰਹਿੰਦੇ ਹਨ। ਤਾਂ ਤੇ ਨਾਮ ਜਪਣਾ ਕੇਵਲ ਖ਼ਿਆਲੀ ਸ਼ੁਕਰ-ਗੁਜ਼ਾਰੀ ਮਾਤ੍ਰ ਹੀ ਨਹੀਂ। ਨਾਮ ਜਪਣ ਦੇ ਅਰਥ ਨਿਰੀ ਫ਼ਸਲ-ਬਟੋਰੀ ਸ਼ੁਕਰ-ਗੁਜ਼ਾਰੀ ਕਰਨ ਦੇ ਹੀ ਨਹੀਂ, ਸਗੋਂ ਸੁਆਸ ਸੁਆਸ ਅੰਮ੍ਰਿਤ ਪੀਣ ਦੇ ਅਤੇ ਛਿਨ ਛਿਨ ਆਤਮ-ਜੀਵਨ ਜੀਣ ਦੇ ਹਨ। ਇਹ ਉਨ੍ਹਾਂ ਲੋਕਾਂ ਦੀ ਕੈਸੀ ਗਲਤ-ਖ਼ਿਆਲੀ ਹੈ ਜੋ ਨਾਮ ਜਪਣ ਨੂੰ ਮਕੈਨੀਕਲ ਰੈਪੀਟੀਸ਼ਨ ਦੋਸ ਕੇ ਨਿੰਦਦੇ ਹਨ।

ਦੇਖੋ ਅਗਲੇਰਾ ਗੁਰਵਾਕ, ਨਾਮ ਦੀ ਬਰਕਤ ਨਾਲ ਕੀ ਕੀ ਗੁੰਝਲਾਂ ਖੁਲ੍ਹਦੀਆਂ ਹਨ :

ਮਨ ਮੇਰੇ ਨਾਮਿ ਰਹਉ ਲਿਵ ਲਾਈ ॥
ਅਦਿਸਟੁ ਅਗੋਚਰੁ ਅਪਰੰਪਰੁ ਕਰਤਾ ਗੁਰ ਕੈ ਸਬਦਿ ਹਰਿ ਧਿਆਈ ॥੧॥ਰਹਾਉ॥
(ਮਲਾਰ ਮਹਲਾ ੩, ਪੰਨਾ ੧੨੬੦)

ਤਹ ਅਨਹਤ ਧੁਨੀ ਬਾਜਹਿ ਨਿਤ ਬਾਜੇ ਨੀਝਰ ਧਾਰ ਚੁਆਵੈਗੋ ॥੩॥
ਰਾਮ ਨਾਮੁ ਇਕੁ ਤਿਲ ਤਿਲ ਗਾਵੈ ਮਨੁ ਗੁਰਮਤਿ ਨਾਮਿ ਸਮਾਵੈਗੋ ॥
(ਕਾਨੜਾ ਅਸਟਪਦੀ ਮ: ੪, ਪੰਨਾ ੧੩੦੮)

ਦੇਖਿਆ, ਨਾਮ ਦੀ ਮਕੈਨੀਕਲ ਰੈਪੀਟੀਸ਼ਨ ਦਾ ਸੁਆਦ! ਪਰ ਗੁਰ-ਪ੍ਰਮਾਣਾਂ ਦੀ ਸੱਟ ਕਉਣ ਸਹੇ! ਕਉਣ ਗੁਰਵਾਕਾਂ ਦੀ ਸਚਾਈ ਨੂੰ ਪਰਖੇ ਤੋਲੇ! ਬਸ! "ਅੰਧੇ ਏਕ ਨ ਲਾਗਈ ਜਿਉ ਬਾਂਸੁ ਬਜਾਈਐ ਫੂਕ"*

**ਗੁਰ-ਸ਼ਬਦ ਦੀ ਕਮਾਈ ਬਿਨਾਂ, ਪਏ ਭੁਲੇ ਭਟਕਾ ਖਾਂਦੇ ਹਨ ਤੇ ਕਈ ਭਰਮ ਭਰਮ ਕੇ ਰਾਧਾ ਸੁਆਮੀਆਂ ਦੇ ਦਰਾਂ ਉਤੇ ਰੁਲਦੇ ਫਿਰਦੇ ਹਨ। ਤਿਨ੍ਹਾਂ ਘੁੱਗੂ ਮਟਵਾਸੀ ਮੀਣਿਆਂ ਤੋਂ ਅਨਹਦ ਸ਼ਬਦ ਦੀਆਂ ਪ੍ਰਾਪਤੀਆਂ ਚਾਹੁੰਦੇ ਹਨ, ਪਰ ਉਨ੍ਹਾਂ ਬਪੁੜੇ ਨਿਭਾਗਿਆਂ ਨੂੰ ਇਹ ਪਤਾ ਨਹੀਂ ਕਿ ਇਹ ਅਨਹਦ ਧੁੰਨੀਆਂ ਵਾਲੇ ਬਾਜੇ ਤਾਂ ਗੁਰਮਤਿ ਕਮਾਈ ਕੀਤਿਆਂ ਹੀ ਬਜਣੇ ਹਨ।** ਖ਼ਬਰ ਨਹੀਂ ਇਨ੍ਹਾਂ ਲੋਕਾਂ ਨੂੰ ਕੀ ਹੋ ਗਿਆ ਹੈ ਕਿ ਸਿਖ ਸਦਾ ਕੇ ਤੇ ਚੰਗੇ ਭਲੇ ਪੜ੍ਹੇ ਗੁੜ੍ਹੇ ਹੋ ਕੇ ਨਿਰੇ ਫੋਕੀਆਂ ਫ਼ਿਲਾਸਫ਼ੀਆਂ ਛਾਂਟਣ ਜੋਗੇ ਹੀ ਰਹਿ ਗਏ ਹਨ ਤੇ ਗੁਰਮਤਿ ਦੇ ਗੂੜ੍ਹ ਸਿਧਾਂਤਾਂ ਤੋਂ ਅਜਾਈਂ ਸੱਖਣੇ ਹੀ ਫਿਰਦੇ ਹਨ। ਸਾਰੀ ਉਮਰ ਲੈਕਚਰ ਦਿੰਦਿਆਂ ਵਿਹਾ ਗਈ, ਅਨੇਕ ਗੁਰਮਤਿ ਪ੍ਰਚਾਰ ਦੀਆਂ ਪੁਸਤਕਾਂ ਭੀ ਭਾਂਤ ਭਾਂਤ ਦੀਆਂ ਬੋਲੀਆਂ ਵਿਚ ਲਿਖ ਕੇ ਹੰਢੇ,

*ਸਲੋਕ ਕਬੀਰ ਜੀ ਨੰ: ੧੫੯, ਪੰਨਾ ੧੩੭੨



www.AKJ.Org

ਪਰ ਤੱਤ ਗੂੜ੍ਹ ਗੁਰਮਤਿ ਤੋਂ ਕੋਰੇ ਦੇ ਕੋਰੇ ਹੀ ਰਹੇ। ਨਾਮ ਦੀ ਮਹਿਮਾ ਤੋਂ ਉੱਕੇ ਅਜਾਣ ਤੇ ਅਗਿਆਤ ਹੀ ਰਹੇ।

ਖਿਨ ਖਿਨ ਨਾਮ ਦੀ ਸਿਫਤ ਸਾਲਾਹਿ ਨਾਮੀ ਅਕਾਲ ਪੁਰਖ ਵਾਹਿਗੁਰੂ ਦੀ ਖਿਨ ਖਿਨ ਸ਼ੁਕਰ-ਗੁਜ਼ਾਰੀ ਤੇ ਖਿਨ ਖਿਨ ਹਾਜ਼ਰਾ ਹਜ਼ੂਰੀ ਹੈ। ਨਾਮ ਦੇ ਮਕੈਨੀਕਲ ਰਟਨ ਰੈਪੀਟੀਸ਼ਨ ਦੁਆਰਾ ਹੀ ਰਟਨ ਕਰਦਿਆਂ ਕਰਦਿਆਂ, ਨਾਮ ਦੀ ਪਾਰਸ-ਕਲਾ ਰਸਾਇਣੀ ਰਗੜ ਦੁਆਰਾ ਚੁੰਭਕ ਪ੍ਰਕਾਸ਼ ਪਰਜੁਲਤ ਹੁੰਦਾ ਹੈ, ਪਰ ਖ਼ੁਸ਼ਕ ਫ਼ਿਲਾਸਫ਼ਰ ਇਹ ਰਟਨ ਰੈਪੀਟੀਸ਼ਨ ਕਰਕੇ ਦੇਖਣ ਤਾਂ ਸਹੀ, ਫੇਰ ਪਤਾ ਲਗਸੀ ਕਿ ਏਸ ਨਿਰੀ ਮਕੈਨੀਕਲ ਰੈਪੀਟੀਸ਼ਨ ਦੀ ਕੀ ਕਰਾਮਾਤ ਹੈ। ਪਰ ਪਹਿਲਾਂ ਸਤਿਗੁਰ ਦੇ ਏਸ ਨਾਮ ਜਾਪ ਉਤੇ ਗੁਰਸਿੱਖਾਂ ਸ਼ਰਧਾਲੂਆਂ ਵਾਲੀ ਸ਼ਰਧਾ ਲਿਆਉਣ ਤੇ ਨਾਮ ਦੇ ਪਾਤਰ ਬਣਨ, ਫੇਰ ਗੁਰੂ ਦੁਆਰਿਓਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਗੁਰੂ ਸਰੂਪ ਪੰਜਾਂ ਪਿਆਰਿਆਂ ਤੋਂ ਵਰੋਸਾਇ ਕੇ ਖਾਲਸਾ ਸਜਣ, ਤੇ ਉਨ੍ਹਾਂ ਤੋਂ ਹੀ ਅੰਮ੍ਰਿਤ ਸਿੰਚਾਰ ਸਮੇਂ ਅਰਥਾਤ ਖੰਡੇ ਦਾ ਅੰਮ੍ਰਿਤ ਛਕ ਕੇ ਨਾਮ, ਗੁਰਮਤਿ ਨਾਮ ਦੀ ਪ੍ਰਾਪਤੀ ਕਰਨ। ਫੇਰ ਏਸ ਤਰ੍ਹਾਂ ਪ੍ਰਾਪਤ ਕੀਤੇ ਨਾਮ ਦੀ ਅਤੁਟ ਕਮਾਈ ਕਰਨ। ਇਸ ਤਰ੍ਹਾਂ ਦੀ ਮਕੈਨੀਕਲ ਰੈਪੀਟੀਸ਼ਨ ਕਮਾਈ ਦਾ ਫੇਰ ਸਿੱਟਾ ਵੇਖਣ ਕਿ ਕੀ ਰੰਗ ਖਿੜਦੇ ਹਨ। ਐਵੇਂ ਗੱਲਾਂ ਨਾਲ ਗਿਆਨ ਘੋਟੇ ਤੇ ਕੀ ਬਣਦਾ ਹੈ ? ਗੁਰੂ ਸਾਹਿਬ ਫ਼ੁਰਮਾਉਂਦੇ ਹਨ :

ਮਨ ਮੇਰੇ ਨਾਮਿ ਰਤੇ ਸੁਖੁ ਹੋਇ ॥ ਗੁਰਮਤੀ ਨਾਮੁ ਸਲਾਹੀਐ ਦੂਜਾ ਅਵਰੁ ਨ ਕੋਇ ॥੧॥ਰਹਾਉ॥੩੦॥੬੩॥

(ਸਿਰੀਰਾਗੁ ਮ: ੩, ਪੰਨਾ ੩੮

ਸ਼ੁਕਰ-ਗੁਜ਼ਾਰੀ ਕਰਨੀ ਕਿਹੜੀ ਸੁਖਾਲੀ ਹੈ। ਇਹ ਸ਼ੁਕਰ-ਗੁਜ਼ਾਰੀ, ਤੱਤ ਸ਼ੁਕਰ-ਗੁਜ਼ਾਰੀ ਗੁਰੂ ਦੁਅਰਿਓਂ ਗੁਰਮਤਿ ਦੁਆਰਾ ਹੀ ਸਿਖਾਈ ਜਾਂਦੀ ਹੈ । ਦੇਖੋ ਉਪਰਲੇ ਗੁਰਵਾਕ ਅੰਦਰ "ਗੁਰਮਤੀ ਨਾਮੁ ਸਲਾਹੀਐ" ਦੀ ਫ਼ੋਰਸ ਨੂੰ। ਇਕੋ ਗੁਰਮਤਿ ਨਾਮ ਦਾ ਸਲਾਹੁਣਾ ਹੀ ਫਲਦਾਇਕ ਹੈ। ਇਹ ਨਹੀਂ ਕਿ ਭਾਵੇਂ ਕੋਈ ਨਾਮ ਹੀ ਸਾਲਾਹਿਆ ਜਾਵੇ। ਬਸ!'ਦੂਜਾ ਅਵਰੁ ਨ ਕੋਇ',ਕੇਵਲ ਇਸ ਨਾਮ ਰੂਪੀ ਸਿਫਤ ਸਾਲਾਹ ਦੁਆਰਾ,ਅਨਿੰਨ ਸ਼ਰਧਾ ਤੇ ਅਨਿੰਨ ਕਮਾਈ ਦੁਆਰਾ ਹੀ ਨਾਮ ਦੇ ਰੰਗਾਂ ਵਿਚ ਰਤੇ ਜਾ ਸਕੀਦਾ ਹੈ ਤੇ ਨਾਮ ਦੀ ਰਗੜ ਦੁਆਰਾ ਪਰਜੁਲਤ ਹੋਏ ਆਤਮ-ਪ੍ਰਕਾਸ਼ ਦੁਆਰਾ, ਅਰਥਾਤ ਨਾਮ ਵਿਚ ਇਸ ਬਿਧ ਰਤਿਆਂ ਹੀ ਸੱਚੇ ਸੁਖ ਦੀ ਪ੍ਰਾਪਤੀ ਹੁੰਦੀ ਹੈ। ਜਿਹਾ ਕਿ ਵਾਕ ਹੈ : "ਮਨ ਮੇਰੇ ਨਾਮਿ ਰਤੇ ਸੁਖੁ ਹੋਇ ॥"

ਉਸ ਬੇਅੰਤ ਪ੍ਰਭੂ ਨੂੰ ਪੂਰੇ ਸ਼ਬਦ ਦੁਆਰਾ ਹੀ ਸਾਲਾਹਿਆ ਜਾ ਸਕਦਾ ਹੈ। ਐਵੇਂ ਫੋਕੀ ਸਾਲਾਹ ਬਣਦੀ ਹੀ ਨਹੀਂ। ਯਥਾ ਗੁਰਵਾਕ :

ਪੂਰੈ ਸਬਦਿ ਸਾਲਾਹੀਐ ਜਿਸ ਦਾ ਅੰਤੁ ਨ ਪਾਰਾਵਾਰੁ ॥੯॥ (ਸਿਰੀਰਾਗੁ ਮ: ੩, ਪੰਨਾ ੬੮)

ਇਹ ਪੂਰਾ ਸ਼ਬਦ ਪੂਰੇ ਸਤਿਗੁਰੂ ਦਾ ਦਰਸਾਇਆ ਦ੍ਰਿੜ੍ਹਾਇਆ ਹੋਇਆ ਕੇਵਲ ਗੁਰਮਤਿ ਨਾਮ ਅਥਵਾ ਸਤਿਨਾਮ ਗੁਰਮੰਤ੍ਰ "ਵਾਹਿਗੁਰੂ" ਹੀ ਹੈ। ਸਹਸ ਸਿਆਣਪੀ ਪ੍ਰੋਫ਼ੈਸਰ ਜਨ ਗੁਰਮਤਿ ਨਾਮ ਜਾਪ ਰੂਪੀ ਸਿਫਤ ਸਾਲਾਹ ਨੂੰ ਤਾਂ ਮਕੈਨੀਕਲ ਰੈਪੀਟੀਸ਼ਨ ਆਖ ਕੇ ਨਿੰਦਦੇ ਹਨ, ਪਰ ਦੂਜੇ ਪਾਸੇ ਇਉਂ ਆਖਦੇ ਹਨ :

"ਜਦ ਸਿੱਖ ਪ੍ਰਸ਼ਾਦ ਛਕਣ ਲਗੇ ਤਾਂ ਉਸ ਨੂੰ ਖ਼ਿਆਲ ਆਵੇਗਾ ਕਿ ਧੰਨ ਹੈ ਅਕਾਲ ਪੁਰਖ, ਤਾਂ ਉਸ ਦੇ ਮੂੰਹੋਂ ਵਾਹਿਗੁਰੂ ਸ਼ਬਦ ਕ੍ਰਿਤੱਗਤਾ ਵਜੋਂ ਆਮੁਹਾਰਾ ਨਿਕਲੇਗਾ ਕਿ ਉਸ ਨੂੰ ਰੋਟੀ ਮਿਲੀ ਹੈ।" ਕੈਸੀ ਥੋਥੀ ਦਲੀਲ ਹੈ। ਭਲਾ ਜੇ ਪ੍ਰਸ਼ਾਦਾ ਛਕਣਹਾਰੇ ਨੂੰ ਛਕਣ ਲਗਿਆਂ ਅਕਾਲ ਪੁਰਖ ਦੀ ਧੰਨਤਾ ਦਾ ਖ਼ਿਆਲ ਨ ਆਵੇ ਯਾ ਕ੍ਰਿਤੱਗਤਾ ਹੀ ਨਾ ਉਪਜੇ, ਫੇਰ ਤਾਂ ਉਸ ਦੇ ਮੂੰਹੋਂ ਆਮੁਹਾਰਾ ਵਾਹਿਗੁਰੂ ਨਿਕਲਣੋਂ ਰਹਿ ਹੀ ਗਿਆ। ਭਲਾ ਜੇ ਮੂੰਹੋਂ ਵਾਹਿਗੁਰੂ ਨਿਕਲ ਹੀ ਜਾਵੇ ਤਾਂ ਕੀ ਇਕ ਵਾਰ ਮੂੰਹੋਂ ਨਿਕਲਿਆ ਵਾਹਿਗੁਰੂ ਗੁਰਮਤਿ ਨਾਮ-ਜਾਪ ਹੋ ਗਿਆ। ਜੇ ਇਕ ਵਾਰ ਮੂੰਹੋਂ ਵਾਹਿਗੁਰੂ ਨਿਕਲਣ ਨਾਲ ਯਾ ਰੋਟੀ ਦੇ ਖਾਣ ਯਾ ਮਿਲਣ ਨਾਲ ਹੀ ਆਮੁਹਾਰਾ ਨਾਮ-ਜਾਪ ਛਿੜ ਪਵੇ ਤਦ ਤਾਂ ਜਣਾ ਖਣਾ ਹੀ ਹਰ ਕੋਈ, ਮਤੀ ਅਨ-ਮਤੀ ਨਾਮ-ਜਪੀਆ ਯਾ ਨਾਮ-ਰਸੀਆ ਹੋ ਧਕਦਾ ਹੈ। ਫੇਰ ਤਾਂ ਰੋਟੀ ਖਾ ਕੇ ਭਾਵੇਂ ਕੋਈ ਨਾਮ ਹੀ ਮੂੰਹੋਂ ਨਿਕਲੇ, ਓਹੀ ਨਾਮ-ਜਾਪ ਹੋ ਸਕਦਾ ਹੈ, ਕਿਉਂਕਿ



www.AKJ.Org

ਪ੍ਰੋਫੈਸਰ ਸਾਹਿਬ ਕਿਸੇ ਖਾਸ ਇਕ ਲਫ਼ਜ਼ ਨੂੰ ਨਾਮ ਨਹੀਂ ਮੰਨਦੇ । ਫੇਰ ਤਾਂ ਐਵੇਂ ਸਿੱਖਾਂ ਨੂੰ ਪਰਚਾਉਣ ਰੀਝਾਉਣ ਲਈ ਕਿਸੇ ਖਾਸ ਨਾਮ ਦਾ ਮੂੰਹੋਂ ਨਿਕਲਣਾ ਕਿਉਂ ਭਾਖ ਦਿੰਦੇ ਹਨ ? ਪ੍ਰੋਫੈਸਰ ਸਾਹਿਬ ਨਾਮ ਦੀ ਮਕੈਨੀਕਲ ਰੈਪੀਟੀਸ਼ਨ ਨੂੰ ਤਾਂ ਨਹੀਂ ਮੰਨਦੇ, ਪਰ ਆਟੋਮੈਟਿਕ ਇਨਵੋਕੇਸ਼ਨ (ਆ-ਮੁਹਾਰੀ ਜਾਚਨਾ, ਪ੍ਰਾਰਥਨਾ, ਧੰਨਤਾ) ਨੂੰ ਮੰਨ ਲੈਂਦੇ ਹਨ । ਇਹ ਕੇਵਲ ਮਨ-ਉਕਤੀ ਦਲੀਲ ਹੈ, ਪਰ ਗੁਰਮਤਿ ਪ੍ਰੋੜ੍ਹਨੀ ਪਰਮਾਣ ਏਸ ਪ੍ਰਥਾਇ ਕੋਈ ਨਹੀਂ । ਰੋਟੀ ਖਾਣੀ ਕੋਈ ਮਕੈਨੀਕਲ ਮਸ਼ੀਨ ਹੀ ਖਾਣਹਾਰੇ ਦੇ ਅੰਦਰ ਲੱਗੀ ਹੋਊ, ਜਿਹੜੀ ਆ-ਮੁਆਰਾ (ਆਟੋਮੈਟਿਕ) ਛੇੜ, ਨਾਮ ਜਾਪ ਦਾ ਛੇੜ ਦੇਊ । ਭਲਾ ਜੇ ਇਸ ਤਰ੍ਹਾਂ ਇਕ ਵਾਰ ਆ-ਮੁਹਾਰਾ ਨਾਮ ਕਿਸੇ ਨੇ ਆਖ ਭੀ ਦਿਤਾ ਤਾਂ ਇਸ ਆਖੇ ਤੇ ਕੀ ਬਣੂ ? ਕੀ ਇਹ ਗੁਰਵਾਕ ਏਸ ਪ੍ਰਥਾਇ ਨਹੀਂ ਘਟੇਗਾ ? ਜ਼ਰੂਰ ਇੰਨ ਬਿੰਨ ਘਟੇਗਾ— ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ ॥ (ਗੂਜਰੀ ਮਹਲਾ ੩, ਪੰਨਾ ੪੯੧)

ਇਸ ਬਿਧ ਆਪੇ ਆ-ਮੁਹਾਰਾ ਨਾਮ ਕਹਿਆ ਪ੍ਰਵਾਣ ਨਹੀਂ ਹੁੰਦਾ । ਆਪ-ਹੁਦਰਾ ਨਾਮ ਤਾਂ ਐਵੇਂ ਓਪਰੇ ਬਰੜਾਟ ਦੁਆਰਾ ਸਭ ਕੋਈ ਭਾਵੇਂ ਕਿੰਨਾ ਬਰੜਾਉਂਦਾ ਫਿਰੇ, ਕਿਸੇ ਲੇਖੇ ਨਹੀਂ । ਹਾਂ :

ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ ॥੧॥੪॥੬॥

ਵਾਲਾ ਗੁਰਵਾਕ ਨਿਰਣਾ ਕਰਦਾ ਹੈ ਕਿ ਗੁਰਪ੍ਰਸਾਦਿ ਰੂਪ ਨਾਮ,ਅਰਥਾਤ ਗੁਰਮਤਿ ਦੁਆਰਾ ਦ੍ਰਿੜ੍ਹ ਹੋਇਆ ਨਾਮ ਹੀ ਫਲੀਭੂਤ ਹੋ ਸਕਦਾ ਹੈ । ਆਪ-ਹੁਦਰਾ ਨਾਮ ਕਿਸੇ ਦਾ ਕੁਝ ਨਹੀਂ ਸਵਾਰ ਸਕਦਾ । ਗੁਰੂ ਦਾ ਸਿੱਖ (ਸਿੰਘ ਖਾਲਸਾ ਬੀਰ) ਸਜ ਕੇ, ਗੁਰੂ ਦੁਆਰਿਓਂ ਗੁਰਸਿੱਖ ਨੂੰ ਗੁਰਮਤਿ ਬਿਧੀ ਅਨੁਸਾਰ ਪ੍ਰਾਪਤ ਹੋਏ ਨਾਮ ਦਾ ਜਾਪ, ਮਕੈਨੀਕਲ ਰੈਪੀਟੀਸ਼ਨ ਵਾਲਾ ਨਾਮ-ਜਾਪ ਕਦੇ ਨਹੀਂ ਕਹਾ ਸਕਦਾ । ਨਾਮ ਜਾਪ ਦਾ ਆਟੋਮੈਟਿਕ (ਆਮੁਹਾਰਾ) ਤੋਰਾ ਤਦੇ ਹੀ ਤੁਰ ਸਕਦਾ ਹੈ ਜੇਕਰ ਪੂਰਨ ਗੁਰਮਤਿ ਜੁਗਤਿ ਬਿਧੀ ਅਨੁਸਾਰ ਗੁਰੂ ਸਾਹਿਬ ਦੀ ਹਜ਼ੂਰੀ ਵਿਚ ਪੰਜਾਂ ਪਿਆਰਿਆਂ ਦੁਆਰਾ ਨਾਮ ਦ੍ਰਿੜ੍ਹ ਹੋ ਚੁਕਾ ਹੋਵੇ । ਐਵੇਂ ਰੋਟੀ ਖਾਣ ਦੀ ਯਾਦ ਮਾਤ੍ਰੀ ਸ਼ੁਕਰ-ਗੁਜ਼ਾਰੀ ਇਹ ਆਟੋਮੈਟਿਕ ਆਮੁਹਾਰਾ ਨਾਮ ਜਾਪ ਦਾ ਭੋਰਾ ਜਿੰਨਾ ਤੋਰਾ ਭੀ ਨਹੀਂ ਤੋਰ ਸਕਦੀ, ਬਸ ! "ਗੁਰਪਰਸਾਦੀ ਰਾਮੁ ਮਨਿ ਵਸੈ" ਵਾਕ ਅਨੁਸਾਰ ਗੁਰੂ ਦੁਆਰਿਓਂ ਪ੍ਰਸਾਦ ਵਜੋਂ ਪ੍ਰਾਪਤ ਹੋਇਆ ਨਾਮ ਹੀ ਮਨ ਵਿਚ ਵਸ ਸਕਦਾ, ਅਰਥਾਤ ਦ੍ਰਿੜ੍ਹ ਹੋ ਸਕਦਾ ਹੈ, ਫੋਕੀ ਸ਼ੁਕਰ-ਗੁਜ਼ਾਰੀ ਦੇ ਅਜ਼ਹਾਰ ਦੁਆਰਾ ਨਹੀਂ । ਹਾਂ, ਗੁਰੂ ਕੇ ਸਚਿਆਰ ਸਿੱਖ ਪ੍ਰਸ਼ਾਦ ਛਕਣ ਲਗਿਆਂ ਭੀ ਦਿਲੀ ਸ਼ੁਕਰ-ਗੁਜ਼ਾਰੀ ਦਾ ਅਜ਼ਹਾਰ ਸਾਸ ਗਿਰਾਸ ਨਾਮ ਜਪਦੇ ਹੋਏ ਕਰਦੇ ਹਨ, ਪਰ ਇਕ ਵਾਰ ਮੂੰਹੋਂ ਆਖਣ ਨਾਲ ਹੀ ਬਸ ਨਹੀਂ । ਜੇਕਰ ਆਮੁਹਾਰਾ ਨਾਮ ਮੂੰਹੋਂ ਨਿਕਲੇ ਤਾਂ ਇਕ ਵਾਰ ਹੀ ਕਿਉਂ ਨਿਕਲੇ ? ਨਿਕਲਦਾ ਹੀ ਰਹੇ, ਇਕ ਵਾਰ ਨਿਕਲ ਕੇ ਬੰਦ ਕਿਉਂ ਹੋ ਜਾਵੇ ? ਆਮੁਹਾਰਤਾ ਕੀ ਤੇ ਅਟਕ ਅਟਕਾਰ ਕੀ ? ਲਗਾਤਾਰਤਾ ਵਿਚ ਹੀ ਆਮੁਹਾਰਤਾ ਦਾ ਪੱਕਾ ਸਾਥ ਹੈ, ਐਵੇਂ ਨਹੀਂ, ਤੇ ਗਲੀਂ ਬਾਤੀਂ ਨਹੀਂ । ਮਨ ਦੀਆਂ ਮਤਾਂ ਦੇ ਹਮਾਕਤੀ, ਆਪਣੇ ਮਨ-ਮੰਨੇ ਢਕੌਂਸਲੇ ਘੜ ਘੜ ਕੇ ਰਾਜ਼ੀ ਹਨ । ਗੁਰਮਤਿ ਨੂੰ ਕਬੂਲ ਕਰਨ ਵਿਚ ਉਨ੍ਹਾਂ ਦੀ ਸਿਆਣਪ ਵਿਚ ਫ਼ਰਕ ਆਉਂਦਾ ਹੈ ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੇ ਅਜਿਹੇ ਹੀ ਧਾਰਮਿਕ ਸਲਾਹਕਾਰਾਂ ਦੇ ਮਸ਼ਵਰੇ ਨਾਲ ਰਹਿਤ ਮਰਯਾਦਾ ਦੇ ਨਵੇਂ ਰਚੇ ਖਰੜੇ ਵਿਚੋਂ ਗੁਰਮਤਿ ਨਾਮ ਗੁਰਮੰਤ੍ਰ ਨੂੰ ਉੱਕਾ ਹੀ ਉੜਾ ਦਿੱਤਾ ਹੈ, ਜਿਸ ਬਿਹੂਣ ਅੰਮ੍ਰਿਤ ਮਰਯਾਦਾ ਤੱਤ-ਆਤਮ-ਜੀਵਨ-ਕਣੀ ਤੋਂ ਵੰਚਤ ਕੀਤੀ ਗਈ ਹੈ । ਕੇਵਲ ਨਿਰੀ ਮਰਯਾਦਾ ਹੀ ਰਹਿਣ ਦਿਤੀ ਗਈ ਹੈ । ਪੰਚ ਖਾਲਸਾ ਦੀਵਾਨ ਵਾਲਿਆਂ ਤਾਂ ਰਹਿਤ ਪ੍ਰਕਾਸ਼ ਨਾਮੇ (ਭਾਂਤੋ ਭਾਂਤ ਐਡੀਸ਼ਨਾਂ) ਦੇ ਖਰੜੇ ਅੰਦਰ ਗੁਰਮੰਤ੍ਰ ਨਾਮ ਨੂੰ ਤਰੋੜ ਮਰੋੜ ਕੇ ਰੱਦੋ-ਬਦਲ ਕੀਤਾ ਸੀ,ਸ਼੍ਰੋਮਣੀ ਕਮੇਟੀ ਵਾਲੇ ਰਹਿਤ ਮਰਯਾਦਾ ਦੇ ਖਰੜੇ ਦੇ ਲਿਖਾਰੀ ਨੇ ਏਸ ਵਿਚੋਂ ਗੁਰਮੰਤ੍ਰ ਗੁਰਮਤਿ ਨਾਮ ਨੂੰ ਉੱਕਾ ਹੀ ਉੜਾ ਦਿੱਤਾ । ਕੋਈ ਕੀ ਸਮਝੇਗਾ ਕਿ ਸਿੱਖਾਂ ਦਾ ਪੰਥ ਖਾਲਸੇ ਦਾ ਗੁਰਮੰਤ੍ਰ (ਨਾਮ) ਕਿਹੜਾ ਹੈ ? ਕੈਸੀ ਅਧੋਗਤੀ ਵਾਲੀ ਵਾਰਤਾ ਹੈ, ਇਹ ਖਰੜਾ ਸਮੂੰਹ ਸਿੱਖ ਪੰਥ ਮਕਬੂਲ ਖਰੜਾ ਕਦੇ ਨਹੀਂ ਰਹੇਗਾ । ਰਹਿਤ ਪ੍ਰਕਾਸ਼ ਵਾਲਾ ਹਸ਼ਰ ਹੀ ਇਸਦਾ ਹੋਵੇਗਾ ।

["ਗੁਰਮਤਿ ਨਾਮ ਅਭਿਆਸ ਕਮਾਈ" ਪੁਸਤਕ ਵਿਚੋਂ



www.AKJ.Org

# ਕਾਰ-ਸੇਵਾ

[ਪ੍ਰੋ: ਸ਼ਮਸ਼ੇਰ ਸਿੰਘ ਜੀ ਐਮ.ਏ., ਰੀਸਰਚ ਸਕਾਲਰ, ਪਟਨਾ ਸਾਹਿਬ]

"ਕੌਮੀ ਏਕਤਾ" ਸਤੰਬਰ ੧੯੮੪ "ਕਾਰ ਸੇਵਾ" ਅੰਕ ਵਿਚ ਉਪਰੋਕਤ ਲੇਖ ਹੈ। ਲੇਖ ਦੇ ਅਰੰਭ ਵਿਚ ਸੇਵਾ ਦੀ ਮਹੱਤਤਾ ਨੂੰ ਦਰਸਾਇਆ ਹੈ ਅਤੇ ਕਾਰ-ਸੇਵਾ ਦੀ ਮਹਾਨ ਉਚਤਾ ਨੂੰ ਰੁਸ਼ਨਾਇਆ ਗਿਆ ਹੈ। ਕਾਰ-ਸੇਵਾ ਕਰਨ-ਕਰਾਉਣ ਵਾਲੇ ਸਿਖਾਂ-ਸੰਤਾਂ ਤੇ ਸੇਵਾਦਾਰਾਂ ਲਈ ਕੁਝ ਉਚੇਚੇ ਗੁਣ ਦਸੇ ਹਨ ਅਤੇ ਇਹ ਵੀ ਦਸਿਆ ਹੈ ਕਿ ਸੇਵਾ ਦੇ ਪੁੰਜ ਬਾਬਾ ਜੀਵਨ ਸਿੰਘ ਜੀ ਪਾਸ ਆ ਕੇ ਹਰੇਕ ਸੇਵਾਦਾਰ ਅੰਮ੍ਰਿਤਧਾਰੀ ਅਤੇ ਰਹਿਤਵਾਨ ਹੋ ਜਾਂਦਾ। ਉਹ ਅੰਮ੍ਰਿਤ ਛਕਾਉਣ ਵਾਲੇ ਅਜਿਹੇ ਸਿੰਘਾਂ ਦੇ ਦੋ ਜਥੇ ਰਖਦੇ ਜੋ ਦਸਵੰਧ ਕਢਦੇ, ਨਿਤਨੇਮੀ ਹੁੰਦੇ, ਮਾਸ ਸ਼ਰਾਬ ਤੇ ਨਸ਼ਿਆਂ (ਭੰਗ ਤੇ ਅਫ਼ੀਮ ਆਦਿ) ਦੇ ਤਿਆਗੀ ਹੁੰਦੇ ਅਤੇ ਪੂਜਾ ਦੇ ਧਾਨ ਤੋਂ ਬਚਦੇ ਹੋਏ ਸੇਵਾ ਵਿਚ ਸ਼ਾਮਲ ਹੁੰਦੇ। ਬਾਬਾ ਜੀ ਕਾਰ-ਸੇਵਾ ਦੇ ਸੇਵਾਦਾਰਾਂ ਤੋਂ ਗੁਰਬਾਣੀ ਦਾ ਜਾਪ ਕਰਾਂਦੇ ਅਤੇ ਕੱਚੀ ਬਾਣੀ ਪੜ੍ਹਨ ਤੋਂ ਰੋਕਦੇ। ਅਤੇ ਸੇਵਾ ਸਮੇਂ ਸਦਾ "ਸਤਿਨਾਮ-ਵਾਹਿਗੁਰੂ" ਦਾ ਜਾਪ ਕਰਾਂਦੇ ਰਹਿੰਦੇ।

ਕਾਰ-ਸੇਵਾ ਦੀ ਉਪਰੋਕਤ ਮਹਾਨਤਾ ਨੂੰ ਸਾਹਮਣੇ ਰਖਦਿਆਂ, ਜੋ ਅੱਜ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੇਵਾ ਪਹਾੜੇ ਦੇ ਮਜ਼ੂਰਾਂ ਤੇ ਪੂਰਬੀ ਭਈਆਂ ਆਦਿ ਤੋਂ ਕਰਾਈ ਜਾ ਰਹੀ ਹੈ, ਕੀ ਇਸ ਨੂੰ ਕਾਰ-ਸੇਵਾ ਦੇ ਪਵਿਤਰ ਸ਼ਬਦ ਨਾਲ ਪੁਕਾਰਿਆ ਜਾ ਸਕਦਾ ਹੈ ? ਕਦਾਚਿਤ ਨਹੀਂ।

ਇਸ ਸਾਰੇ ਲੇਖ ਵਿਚ ਸੰਤ ਬਾਬਾ ਸ਼ਾਮ ਸਿੰਘ ਜੀ ਤੋਂ ਲੈ ਕੇ ਸੰਤ ਬਾਬਾ ਖੜਕ ਸਿੰਘ ਜੀ ਆਦਿ ਤਕ ਬਾਬਿਆਂ ਵਲੋਂ ਕਰਾਈ ਸੇਵਾ ਦਾ ਵਿਸਥਾਰ ਹੈ। ਅਸੀਂ ਲੇਖ ਦਾ ਕੇਵਲ ਮੁਢਲਾ ਭਾਗ ਹੀ ਦੇ ਰਹੇ ਹਾਂ। —ਸੰਪਾਦਕ

ਸਿੱਖ ਧਰਮ ਸੇਵਾ ਭਰਪੂਰ ਧਰਮ ਹੈ। ਇਸ ਧਰਮ ਦੇ ਵਿਸ਼ੇਸ਼ ਪਹਿਲੂ ਸੇਵਾ ਅਤੇ ਸਿਮਰਨ ਹਨ। ਇਹ ਦੋਵੇਂ ਪਹਿਲੂ ਸਿਖੀ ਮਹੱਲ ਦੇ ਮਜ਼ਬੂਤ ਥੰਮ੍ਹ ਹਨ। ਸੇਵਾ ਨੇ ਸਿਖੀ ਨੂੰ ਮਜ਼ਬੂਤ ਬਣਾਇਆ ਤੇ ਅਮਲੀ ਜੀਵਨ ਬਖਸ਼ਿਆ। ਗੁਰੂ ਸਾਹਿਬ ਨੇ ਸੇਵਾ ਨੂੰ ਇਤਨੀ ਮਹਾਨਤਾ ਦਿਤੀ ਕਿ ਗੁਰਗੱਦੀ ਦੇਣ ਵੇਲੇ ਸੇਵਾ ਨੂੰ ਮੁਖ ਰਖਿਆ, ਲਹਿਣਾ ਗੁਰੂ ਨਾਨਕ ਦਾ ਸਚੇ ਦਿਲੋਂ ਸੇਵਕ ਸਾਬਤ ਹੋਇਆ, ਪੁਤਰਾਂ ਨੂੰ ਛਡ ਕੇ ਲਹਿਣੇ ਨੂੰ ਗੁਰਗੱਦੀ ਦਿਤੀ, ਅਮਰਦਾਸ ਜੀ ਨੇ ਤਨ-ਮਨ ਤੇ ਧਨ ਸਭ ਗੁਰੂ ਘਰ ਲਈ ਅਰਪਣ ਕਰ ਦਿਤਾ ਤਾਂ ਗੱਦੀ ਦੀ ਬਖਸ਼ਿਸ਼ ਹੋਈ। ਸਿਖ ਧਰਮ ਦੀ ਸੇਵਾ ਤੋਂ ਭਾਵ ਨਿਸ਼ਕਾਮ ਸੇਵਾ ਹੈ,ਇਥੇ ਨਾ ਤਾਂ ਸਵਰਗ ਦੀ ਜ਼ਰੂਰਤ ਹੈ ਤੇ ਨਾ ਹੀ ਰਾਜ ਗੱਦੀ ਦੀ ਲਾਲਸਾ, ਇਥੇ ਸਿਰਫ ਪ੍ਰੇਮ ਤੇ ਗੁਰੂ ਦੇ ਚਰਨਾਂ ਦੀ ਪ੍ਰੀਤੀ ਦੀ ਹੀ ਮੰਗ ਕੀਤੀ ਹੈ। ਇਸ ਤੋਂ ਬਗੈਰ ਸੇਵਾ ਨਿਸਫਲ ਹੈ। ਨਿਸ਼ਕਾਮ ਸੇਵਾ ਪਾਪਾਂ ਦੀ ਨਾਸ਼ਕ ਹੈ। ਜੀਵ ਦਾ ਹਲਤ-ਪਲਤ ਸੁਆਰਨ ਵਾਲੀ ਤੇ ਕਲਿਆਂਨਕਾਰੀ ਹੈ :

ਸਾ ਸੇਵਾ ਕੀਤੀ ਸਫਲ ਹੈ, ਜਿਤੁ ਸਤਿਗੁਰ ਕਾ ਮਨੁ ਮੰਨੇ ॥
ਜਾ ਸਤਿਗੁਰ ਕਾ ਮਨੁ ਮੰਨਿਆ, ਤਾ ਪਾਪ ਕਸੰਮਲ ਭੰਨੇ ॥੨੫॥

(ਗਉੜੀ ਕੀ ਵਾਰ ਮ: ੪, ਪੰਨਾ ੩੧੪

ਪੁਰਾਤਨ ਭਾਰਤ ਅੰਦਰ ਸੇਵਾ ਨੂੰ ਪਵਿਤ੍ਰਤਾ ਦਾ ਦਰਜਾ ਨਹੀਂ ਸੀ ਦਿਤਾ ਜਾਂਦਾ, ਸੇਵਾ ਸ਼ੂਦਰਾਂ ਤਕ ਹੀ ਸੀਮਿਤ ਸੀ। ਬ੍ਰਾਹਮਣ ਦਾ ਕੰਮ ਵਿਦਿਆ ਪੜ੍ਹਨਾ ਤੇ ਪੜ੍ਹਾਉਣਾ, ਖਤਰੀ ਦਾ ਕੰਮ ਦੇਸ਼ ਦੀ ਰਖਿਆ ਕਰਨਾ, ਵੈਸ਼ ਦਾ ਵਣਜ ਤੇ ਖੇਤੀਬਾੜੀ ਤਕ ਹੀ ਸੀਮਿਤ ਸੀ ਅਤੇ ਸ਼ੂਦਰ ਦਾ ਕੰਮ ਉਪਰੋਕਤ ਤਿੰਨਾਂ ਵਰਣਾਂ ਦੀ ਸੇਵਾ ਕਰਨਾ ਸੀ। ਮਨੂੰ ਸਿਮਰਤੀ 'ਚ ਲਿਖਿਆ ਹੈ ਕਿ :—



www.AKJ.Org

"ਸੂਦਰ ਲਈ ਇਕ ਹੀ ਕਰਮ ਪ੍ਰਭੂ ਨੇ ਨੀਯਤ ਕੀਤਾ ਹੈ, ਉਹ ਤਨ ਤੇ ਮਨ ਨਾਲ ਤਿੰਨਾਂ ਵਰਣਾਂ ਦੀ ਸੇਵਾ ਕਰੇ।" (ਮਨੂੰ ਸਿਮ੍ਰਤੀ—੧-੧੯੧)

ਕਾਰ ਸੇਵਾ ਸਿਖੀ ਮਹੱਲ ਦੇ ਥੰਮ੍ਹਾਂ ਚੋਂ ਇਕ ਮਜ਼ਬੂਤ ਥੰਮ੍ਹ ਹੈ। ਵੈਸੇ ਤਾਂ ਜਗਿਆਸੂ ਲੋਕ ਮਨ, ਤਨ ਤੇ ਧਨ ਸਫਲਾ ਕਰਨ ਲਈ ਗੁਰਦੁਆਰਿਆਂ ਵਿਚ ਰੋਜ਼ਾਨਾ ਅਤੇ ਖਾਸ ਕਰਕੇ ਗੁਰਪੁਰਬਾਂ ਤੇ ਸੇਵਾ ਕਰਦੇ ਹਨ, ਪ੍ਰੰਤੂ ਇਹ ਸੇਵਾ ਕਦੀ ਕਦਾਈਂ ਤੇ ਥੋਹੜੇ ਸਮੇਂ ਲਈ ਹੁੰਦੀ ਹੈ।

ਕਾਰ ਸੇਵਾ ਇਸ ਭੋਂ ਇਕ ਵਖਰੇ ਪ੍ਰਕਾਰ ਦੀ ਡਾਢੀ ਸੇਵਾ ਹੈ। ਇਸ ਸੇਵਾ ਵਿਚ ਸਾਲਾਂ ਬੱਧੀ ਲਗਾਤਾਰ ਕੰਮ ਚਲਦੇ ਹਨ। ਇਸ ਸੇਵਾ ਵਿਚ ਗੁਰੂ ਸਾਹਿਬਾਨ ਦੇ ਇਤਿਹਾਸਕ ਗੁਰਦੁਆਰੇ, ਸਰੋਵਰ, ਲੰਗਰ ਸਾਹਿਬ ਦੀਆਂ ਇਮਾਰਤਾਂ, ਦੀਵਾਨ ਹਾਲ, ਸਰਾਵਾਂ, ਨਿਸ਼ਾਨ ਸਾਹਿਬ, ਸੜਕਾਂ, ਪੁਲ ਆਦਿ ਬਣਾਉਣ ਦੀ ਸੇਵਾ ਕੀਤੀ ਜਾਂਦੀ ਹੈ। ਇਸ ਪ੍ਰਕਾਰ ਦੀ ਸੇਵਾ ਸਿਖ ਧਰਮ ਅੰਦਰ ਇਕ ਖਾਸ ਮਹਾਤਮ ਰਖਦੀ ਹੈ। ਇਸ ਸੇਵਾ ਵਿਚ ਸਾਡੀ ਰੋਜ਼ਾਨਾ ਦੀ ਸੇਵਾ ਜਿਸ ਤਰ੍ਹਾਂ ਲੰਗਰ ਪਕਾਉਣੇ, ਭਾਂਡੇ ਮਾਂਜਣੇ, ਝਾੜੂ ਦੇਣੇ, ਲੰਗਰ ਵਰਤਾਉਣੇ ਆਦਿ ਸ਼ਾਮਲ ਹੈ।

ਕਾਰ ਸੇਵਾ ਦੇ ਸੇਵਾਦਾਰਾਂ ਵਿਚ ਕੋਈ ਵੀ ਸੇਵਾਦਾਰ ਤਨਖਾਹਦਾਰ ਨਹੀਂ ਹੁੰਦਾ, ਚਾਹੇ ਕੋਈ ਦਸ ਦਿਨ ਤੇ ਚਾਹੇ ਦਸ ਮਹੀਨਿਆਂ ਲਈ ਸੇਵਾ ਕਰਨ ਆਵੇ। ਇਹ ਸੇਵਾ ਕੋਈ ਬੰਧਨ ਨਹੀਂ। ਸੰਗਤਾਂ ਆਪਣੇ ਆਪ ਆਪਣੀਆਂ ਸੇਵਾਵਾਂ ਅਰਪਣ ਕਰਦੀਆਂ ਹਨ। ਇਨ੍ਹਾਂ ਸੇਵਾਦਾਰਾਂ ਨੂੰ ਦੂਰ-ਦੁਰਾਡੇ ਭੇਜਣ ਸਮੇਂ ਆਉਣ ਜਾਣ ਦਾ ਕਿਰਾਇਆ ਹੀ ਕਾਰ ਸੇਵਾ ਵਲੋਂ ਦਿਤਾ ਜਾਂਦਾ ਹੈ ਜਾਂ ਕਿਸੀ ਸੱਟ-ਫੇਟ ਲਗਣ ਤੇ ਇਲਾਜ ਅਤੇ ਹੋਰ ਸਹੂਲਤਾਂ ਦਿਤੀਆਂ ਜਾਂਦੀਆਂ ਹਨ।

ਕਾਰ ਸੇਵਾ ਦੇ ਜਿਤਨੇ ਵੀ ਜਥੇਦਾਰ ਬਣਾਏ ਜਾਂਦੇ ਹਨ, ਉਨ੍ਹਾਂ ਨੂੰ ਨੇਮੀ ਕਿਹਾ ਜਾਂਦਾ ਹੈ, ਇਹ ਸਭ ਆਪਣੇ ਘਰ-ਬਾਰ ਹਮੇਸ਼ਾ ਲਈ ਤਿਆਗ ਕੇ ਆਉਂਦੇ ਹਨ! ਘਰ, ਰਿਸ਼ਤੇਦਾਰਾਂ ਤੇ ਜਾਇਦਾਦ ਨਾਲ ਕੋਈ ਸੰਬੰਧ ਨਹੀਂ ਹੁੰਦਾ। ਜਥੇਦਾਰ ਸਾਹਿਬ ਗੁਰੂ ਗਰੰਥ ਸਾਹਿਬ ਦੀ ਹਜ਼ੂਰੀ ਵਿਚ ਹੇਠ ਲਿਖਿਆ ਪ੍ਰਣ ਲੈਂਦੇ ਹਨ :—

"ਬਾਕੀ ਦੀ ਰਹਿੰਦੀ ਉਮਰ ਗੁਰੂ ਸਾਹਿਬ ਦੇ ਇਤਿਹਾਸਕ ਅਸਥਾਨ, ਸਰੋਵਰ, ਸਰਾਂਵਾਂ ਆਦਿ ਦੀ ਸੇਵਾ ਕਰਦਿਆਂ ਨਿਭਾਵਾਂਗੇ। ਜੇ ਸਿਰੇ ਚੜ੍ਹ ਗਈ ਤਾਂ ਗੁਰੂ ਨਾਨਕ ਸਾਹਿਬ ਸਾਡੀ ਬਾਂਹ ਫੜ ਕੇ ਸਾਨੂੰ ਆਪਣੇ ਚਰਨਾਂ ਵਿਚ ਥਾਂ ਦੇਣਗੇ, ਜੇ ਵਿਚਕਾਰ ਛਡ ਜਾਈਏ ਤਾਂ ਮਹਾਰਾਜ ਜਿਥੇ ਮਰਜ਼ੀ ਸੁਟਣ, ਸਾਡਾ ਕੋਈ ਇਤਰਾਜ਼ ਨਹੀਂ।"

ਜਿਥੇ ਜਿਥੇ ਸੇਵਾ ਚਲਦੀ ਹੈ, ਸੇਵਾਦਾਰਾਂ ਦੇ ਪ੍ਰਸ਼ਾਦ, ਲੰਗਰ ਆਦਿ ਦਾ ਬੋਝ ਕਿਸੇ ਵੀ ਕਮੇਟੀ ਤੇ ਨਹੀਂ ਪਾਇਆ ਜਾਂਦਾ, ਸਿਰਫ਼ ਲੋੜ ਮਾਤਰ ਲੋੜੀਂਦੀਆਂ ਵਸਤਾਂ ਹੀ, ਜੋ ਕਿ ਸੰਗਤ ਵਲੋਂ ਨਹੀਂ ਮਿਲਦੀਆਂ, ਗੁਰਦੁਆਰਾ ਪ੍ਰਬੰਧਕਾਂ ਵਲੋਂ ਲਈਆਂ ਜਾਂਦੀਆਂ ਹਨ। ਬਾਕੀ ਸੇਵਾਦਾਰ ਦੋ ਵਕਤ ਗਜਾ ਕਰ ਕੇ ਪ੍ਰਸ਼ਾਦੇ ਲਿਆਉਂਦੇ ਹਨ। ਗਜਾ ਕਰਨ ਵਾਲੇ ਸੇਵਾਦਾਰ ਕਿਸੇ ਦੇ ਘਰ ਅੰਦਰ ਨਹੀਂ ਜਾਂਦੇ, ਸਿਰਫ ਦਰਵਾਜ਼ੇ 'ਤੇ ਹੀ ਖੜ੍ਹ ਕੇ 'ਸਤਿਨਾਮ—ਵਾਹਿਗੁਰੂ' ਕਹਿੰਦੇ ਹਨ ਤੇ ਪ੍ਰਸ਼ਾਦ ਲੈ ਕੇ ਅੱਗੇ ਚਲੇ ਜਾਂਦੇ ਹਨ। ਕਦੀ ਕਦੀ ਕੁਝ ਆਪਣੇ ਲੰਗਰਾ ਵਿਚ ਵੀ ਤਿਆਰ ਕਰ ਲੈਂਦੇ ਹਨ।

ਕਾਰ ਸੇਵਾ ਵਿਚ ਆਉਣ ਵੇਲੇ ਸਭ ਸੇਵਾਦਾਰਾਂ, ਖਾਸ ਕਰ ਆਦਮੀਆਂ ਨੂੰ ਇਕ ਖਾਸ ਵਰਦੀ ਪੁਆਈ ਜਾਂਦੀ ਹੈ, ਜਿਸ ਵਿਚ ਖੱਦਰ ਦੀ ਕੁੜਤੀ, ਕਛਹਿਰਾ, ਸਿਰ ਤੇ ਖੱਦਰ ਦਾ ਸਾਫਾ ਬਨ੍ਹਾਇਆ ਜਾਂਦਾ ਹੈ, ਜਿਹੜੀ ਕਿ ਕਾਰ ਸੇਵਾ ਦੀ ਪ੍ਰੰਪਰਾਗਤ ਵਰਦੀ ਹੈ। ਇਸ ਵਰਦੀ ਵਿਚ ਇਕ ਤਾਂ ਕੰਮ ਕਰਨ ਦੀ ਸੁਖਾਲਤ ਤੇ ਦੂਸਰੀ ਸਾਦਗੀ ਹੈ, ਜੋ ਨਿਮਰਤਾ ਭਾਵ ਦੀ ਸੂਚਕ ਹੈ, ਭਾਵ ਵਡੇ ਤੋਂ ਵਡੇ ਜ਼ਿਮੀਦਾਰ ਭੀ ਜਿਸ ਵਕਤ ਸੇਵਾ ਕਰਨ ਆਉਂਦੇ ਹਨ, ਤਦ ਇਹੋ ਹੀ ਕਪੜੇ ਪਹਿਨਦੇ ਹਨ। ਇਸ ਤੋਂ ਇਲਾਵਾ ਬੀਬੀਆਂ ਵੀ ਸੇਵਾ ਕਰਦੀਆਂ ਹਨ, ਉਨ੍ਹਾਂ ਲਈ ਕਿਸੇ ਖਾਸ ਕਿਸਮ ਦੀ ਵਰਦੀ ਦੀ ਜ਼ਰੂਰਤ ਨਹੀਂ ਪੈਂਦੀ। ਇਸ ਤੋਂ ਇਲਾਵਾ ਸਾਬਣ, ਤੇਲ, ਕਛਹਿਰੇ, ਤੌਲੀਏ ਆਦਿ ਫਿਰ ਭੀ ਦਿਤੇ ਜਾਂਦੇ ਰਹਿੰਦੇ ਹਨ।



www.AKJ.Org

ਕਾਰ ਸੇਵਾ ਦੇ ਸਾਰੇ ਸੇਵਾਦਾਰਾਂ ਨੂੰ ਸਵੇਰੇ ਸਵਖਤੇ ਉਠਾਇਆ ਜਾਂਦਾ ਹੈ, ਇਸ਼ਨਾਨ ਤੋਂ ਬਾਅਦ 'ਸਤਿਨਾਮ ਵਾਹਿਗੁਰੂ' ਦਾ ਜਾਪ ਕਰਾਇਆ ਜਾਂਦਾ ਹੈ। ਇਸ ਤੋਂ ਉਪ੍ਰੰਤ ਸਾਰਾ ਦਿਨ ਸੇਵਾ ਲਈ ਜਾਂਦੀ ਹੈ। ਸਵੇਰੇ ਤੇ ਬਾਅਦ ਦੁਪਹਿਰ ਹਲਕਾ ਨਾਸ਼ਤਾ ਅਤੇ ਦੁਪਹਿਰ ਤੇ ਰਾਤ ਨੂੰ ਗੁਰੂ ਕਾ ਲੰਗਰ ਛਕਾਇਆ ਜਾਂਦਾ ਹੈ। ਰਾਤੀਂ ਲੰਗਰ ਛਕਾਉਣ ਤੋਂ ਪਹਿਲਾਂ ਸਿਖ ਇਤਿਹਾਸ ਦੀ ਸਰਲ, ਸਾਖੀ ਰੂਪ 'ਚ ਕਥਾ ਸੁਣਾਈ ਜਾਂਦੀ ਹੈ, ਫਿਰ 'ਸਤਿਨਾਮ-ਵਾਹਿਗੁਰੂ' ਦਾ ਜਾਪ ਕਰਾਇਆ ਜਾਂਦਾ ਹੈ।

ਕਾਰ ਸੇਵਾ ਵਿਚ ਆਉਣ ਵਾਲੇ ਸੇਵਾਦਾਰਾਂ ਨੂੰ ਅੰਮ੍ਰਿਤ ਛਕਣ ਦੀ ਪ੍ਰੇਰਨਾ ਕੀਤੀ ਜਾਂਦੀ ਹੈ, ਇਹ ਇਕ ਅੰਮ੍ਰਿਤ ਪ੍ਰਚਾਰ ਦਾ ਬੜਾ ਪ੍ਰਭਾਵਸ਼ਾਲੀ ਸਾਧਨ ਹੈ। ਬਾਬਾ ਜੀਵਨ ਸਿੰਘ ਜੀ ਕੋਲ ਆਣ ਕੇ ਤਾਂ ਲਗਪਗ ਹਰ ਸੇਵਾਦਾਰ ਅੰਮ੍ਰਿਤਧਾਰੀ ਹੋ ਜਾਂਦਾ, ਭਾਵ ਬਾਬਾ ਜੀ ਵਲੋਂ ਅੰਮ੍ਰਿਤ ਪ੍ਰਚਾਰ ਦਾ ਬੜਾ ਸੁਚੱਜਾ ਪ੍ਰਬੰਧ ਸੀ। ਹਰ ਸੇਵਾਦਾਰ ਜੋ ਅੰਮ੍ਰਿਤ ਪਾਨ ਕਰਦੇ ਉਨ੍ਹਾਂ ਨੂੰ ਕਿਰਪਾਨਾਂ, ਗਾਤਰੇ, ਕਛਹਿਰੇ ਆਪਣੇ ਕੋਲੋਂ ਲੈ ਕੇ ਦਿੰਦੇ। ਇਸ ਤੋਂ ਇਲਾਵਾ ਅੰਮ੍ਰਿਤ ਛਕਾਉਣ ਲਈ ਤਿਆਰ-ਬਰ-ਤਿਆਰ ਪੰਜਾਂ ਪਿਆਰਿਆਂ ਦੇ ਦੋ ਜਥੇ ਇਕ ਯੂ. ਪੀ. ਤੇ ਦੂਸਰਾ ਭੇਵਾ (ਹਰਿਆਣਾ) ਵਿਖੇ ਰਖਦੇ। ਇਨ੍ਹਾਂ ਪੰਜ ਪਿਆਰਿਆਂ ਵਿਚ ਉਹੀ ਸਜਣ ਸ਼ਾਮਲ ਕੀਤੇ ਜਾਂਦੇ ਹਨ, ਜਿਹੜੇ ਹੇਠ ਲਿਖੀਆਂ ਚਾਰੇ ਸ਼ਰਤਾਂ ਪੂਰੀਆਂ ਕਰਦੇ ਹੋਣ :

—ਦਸਵੰਧ ਕਢਦਾ ਹੋਵੇ।

—ਪੰਜ ਬਾਣੀਆਂ ਦਾ ਨਿਤਨੇਮੀ ਹੋਵੇ।

—ਮੀਟ, ਸ਼ਰਾਬ ਆਦਿ ਨਸ਼ੀਲੀਆਂ ਵਸਤਾਂ ਦਾ ਸੇਵਨ ਨਾ ਕਰਦਾ ਹੋਵੇ।

—ਕਿਸੀ ਪ੍ਰਕਾਰ ਦਾ ਪੂਜਾ ਦਾ ਧਾਨ ਆਦਿ ਨਾ ਖਾਂਦਾ ਹੋਵੇ।

ਕਾਰ ਸੇਵਾ ਦੇ ਸੇਵਾਦਾਰਾਂ ਨੂੰ ਸ੍ਰੀ ਗੁਰੂ ਗਰੰਥ ਸਾਹਿਬ, ਦਸਮ ਪਾਤਿਸ਼ਾਹ ਦੀ ਬਾਣੀ ਅਤੇ ਭਾਈ ਗੁਰਦਾਸ ਜੀ ਦੀ ਬਾਣੀ ਵਿਚੋਂ ਹੀ ਜਾਪ ਕਰਾਉਂਦੇ ਹਨ, ਭਾਵ ਕੱਚੀ ਬਾਣੀ ਅਤੇ ਹੋਰ ਬਾਜ਼ਾਰੀ ਪੁਸਤਕਾਂ ਨਹੀਂ ਪੜ੍ਹਨ ਦਿੰਦੇ। ਇਸ ਤੋਂ ਇਲਾਵਾ ਸੰਤ ਬਾਬਾ ਗੁਰਮੁਖ ਸਿੰਘ ਜੀ ਦੇ ਬਹੁਮੁਲੇ ਬਚਨ, ਜੋ ਗੁਰਮਤਿ ਦੀ ਹੀ ਵਿਆਖਿਆ ਕਰਦੇ ਹਨ, ਕਦੀ ਕਦੀ ਸੰਗਤ ਨੂੰ ਸੁਣਾਏ ਜਾਂਦੇ ਹਨ।

ਕਾਰ ਸੇਵਾ ਦੇ ਜਥੇਦਾਰ ਕਿਸੇ ਇਸਤ੍ਰੀ ਪੁਰਸ਼ ਨੂੰ ਆਪਣੇ ਪੈਰੀਂ ਹਥ ਨਹੀਂ ਲਾਉਣ ਦਿੰਦੇ, ਹਰ ਇਕ ਸਜਣ ਨੂੰ ਗੁਰੂ ਗਰੰਥ ਸਾਹਿਬ ਦੇ ਲੜ ਹੀ ਲਾਉਂਦੇ ਹਨ ਅਤੇ ਆਪਸ ਵਿਚ ਦੋਨੋਂ ਹਥ ਜੋੜ ਕੇ ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹ ਹੀ ਗਜਾਉਂਦੇ ਹਨ। ਭਾਵ ਸ਼ਖਸੀ ਪੂਜਾ ਦੇ ਬਿਲਕੁਲ ਹੀ ਖਿਲਾਫ ਹਨ। ਜਿਸ ਤਰ੍ਹਾਂ ਹੋਰ ਸੰਤ ਮਹੰਤ ਲੋਕਾਂ ਪਾਸੋਂ ਪੈਰੀਂ ਹਥ ਲਵਾਉਂਦੇ ਹਨ, ਗੁਰੂ ਮੰਤਰ ਦਿੰਦੇ ਹਨ ਅਤੇ ਆਪਣੀ ਪੂਜਾ ਕਰਾਉਂਦੇ ਹਨ। ਕਾਰ ਸੇਵਾ ਵਿਚ ਐਸੀ ਕੋਈ ਚੀਜ਼ ਨਹੀਂ ਹੈ। ਗੁਰਮਤਿ ਦੇ ਅਸੂਲਾਂ ਉਪਰ ਚਲਣ ਲਈ ਹੀ ਸਭ ਸੇਵਾਦਾਰਾਂ ਨੂੰ ਦ੍ਰਿੜ੍ਹਤਾ ਨਾਲ ਕਿਹਾ ਜਾਂਦਾ ਹੈ।

ਕਾਰ ਸੇਵਾ ਦੇ ਪੱਕੇ ਨੇਮੀ ਸੇਵਾਦਾਰਾਂ ਦੀ, ਕਾਰਪੋਰੇਸ਼ਨ ਤੋਂ ਲੈ ਕੇ ਅਸੈਂਬਲੀ ਤੀਕ ਕੋਈ ਵੋਟ ਨਹੀਂ ਹੁੰਦੀ ਅਤੇ ਨਾ ਹੀ ਕੋਈ ਸੇਵਾਦਾਰ ਕਿਸੇ ਕਿਸਮ ਦੇ ਸਿਆਸੀ ਮਸਲਿਆਂ ਵਿਚ ਹਿੱਸਾ ਹੀ ਲੈਂਦੇ ਹਨ। ਕਾਰ ਸੇਵਾ ਦੇ ਸੇਵਾਦਾਰ ਗੁਰਦੁਆਰੇ ਦੇ ਪ੍ਰਬੰਧ ਵਿਚ ਕੋਈ ਦਖਲ ਨਹੀਂ ਦਿੰਦੇ ਤੇ ਨਾ ਹੀ ਪ੍ਰਬੰਧਕਾਂ ਦੇ ਕੰਮ ਵਿਚ ਕਿਸੇ ਪ੍ਰਕਾਰ ਦੀ ਦਿਲਚਸਪੀ ਲੈਂਦੇ ਹਨ।

ਜਿਤਨੇ ਵੀ 'ਕਾਰੀਗਰ' ਬਾਹਰੋਂ ਕੰਮ ਕਰਨ ਆਉਂਦੇ ਹਨ, ਇਕ ਤਾਂ ਉਹ ਦਿਹਾੜੀ ਘਟ ਲੈਂਦੇ ਹਨ, ਦੂਸਰਾ ਜ਼ਿਆਦਾ ਸਮਾਂ ਦੇ ਕੇ ਕੰਮ ਕਰਦੇ ਹਨ; ਤੀਸਰਾ ਜੇਕਰ ਉਨ੍ਹਾਂ ਦਾ ਕੰਮ ਮੁਕ ਜਾਵੇ, ਤਾਂ ਦੂਸਰੇ ਪਾਸੇ ਹੋਰ ਕੰਮ ਕਰਨ ਵਿਚ ਗੁਰੇਜ਼ ਨਹੀਂ ਕਰਦੇ, ਭਾਵ ਸੇਵਾ ਭਾਵ ਨਾਲ ਵੀ ਕੁਝ ਦਿਨ ਕੰਮ ਕਰਦੇ ਰਹਿੰਦੇ ਹਨ। ਇਨ੍ਹਾਂ ਕਾਰੀਗਰਾਂ ਤੇ ਬਾਹਰਲੇ ਕਾਰੀਗਰਾਂ ਵਿਚ ਵਡਾ ਫ਼ਰਕ ਇਹ ਹੈ ਕਿ ਇਨ੍ਹਾਂ ਦੀ ਸ਼ਰਧਾ ਕਾਰ ਸੇਵਾ ਨਾਲ ਉਤਨੀ ਹੀ ਹੈ ਜਿਤਨੀ ਕਿ ਦੂਸਰੇ ਸੇਵਾਦਾਰਾਂ ਦੀ ਹੈ, ਜੋ ਬਿਨਾ ਤਨਖਾਹ ਦੇ ਕੰਮ ਕਰਦੇ ਹਨ। —ਧੰਨਵਾਦ ਸਹਿਤ ਪ੍ਰਾਪਤ



www.AKJ.Org

# ਜੀਵਨ ਝਲਕੀਆਂ ਡਾਕਟਰ ਸੁਰਿੰਦਰ ਸਿੰਘ ਜੀ

— ੧੨ —

**ਚੰਡੀਗੜ੍ਹ ਦੇ ਕੁਝ ਸਮਾਚਾਰ—**

ਜ਼ਮੀਨ, ਜਾਇਦਾਦ, ਕੋਠੀ, ਨੌਕਰ ਚਾਕਰ, ਰਜੇ ਪੁਜੇ ਭੈਣਾਂ ਭਰਾ ਅਤੇ ਬਹਿਨੋਈ ਆਦਿ ਸਭ ਕੁਝ ਹੁੰਦਿਆਂ ਸੁੰਦਿਆਂ, ਡਾਕਟਰ ਜੀ ਕੂੜਾਵੀਆਂ ਚਾਕਰੀਆਂ ਨੂੰ ਲੱਤ ਮਾਰ ਕੇ ਬਿਹੰਗਮ ਬਿਰਤੀ ਵਿਚ ਵਿਚਰ ਕੇ ਪ੍ਰਸੰਨ ਸਨ। ਇਕ ਨਿਕੇ ਜਿੰਨੇ ਫੌਜੀ ਹੈਵਰਸੈਕ (ਥੈਲੇ) ਵਿਚ ਹੀ ਆਪਣੀ ਲੋੜ ਨੂੰ ਸੀਮਤ ਰੱਖਿਆ। ਅਸਲ ਗੱਲ ਇਹ ਸੀ ਕਿ "ਲਾਗੀ ਹੋਇ ਸੁ ਜਾਨੈ ਪੀਰ ॥ ਰਾਮ ਭਗਤਿ ਅਨੀਆਲੇ ਤੀਰ ॥ (ਪੰਨਾ ੩੨੭) ਇਹ ਪੀੜ ਡਾਕਟਰ ਜੀ ਨੂੰ ਲੱਗ ਚੁਕੀ ਸੀ ਅਤੇ ਮਾਇਆ ਦੇ ਇਸ ਪਸਾਰੇ ਨੂੰ 'ਨਾਕਹੁ ਕਾਟੀ ਕਾਨਹੁ ਕਾਟੀ'† ਦਸ ਦਸ ਕੇ ਮਾਇਆ-ਧਾਰੀਆਂ ਨੂੰ ਸਮਝਾਇਆ ਕਰਦੇ ਸਨ।

ਚੰਡੀਗੜ੍ਹ ਵਿਖੇ ਡਾਕਟਰ ਜੀ ਸੈਕਟਰ 27—ਡੀ ਅਤੇ ਸੈਕਟਰ 35—ਡੀ ਵਿਚ ਆਮ ਹੀ ਆਇਆ ਜਾਇਆ ਕਰਦੇ ਸਨ। 27—ਡੀ ਸੈਕਟਰ ਵਿਚ *ਭਾਈ ਰਤਨ ਸਿੰਘ ਜੀ ਅਤੇ ਪ੍ਰੀਤਮ ਸਿੰਘ ਜੀ ਬਿਲਕੁਲ ਨੇੜੇ ਨੇੜੇ ਹੀ ਰਹਿ ਰਹੇ ਹਨ। ਡਾਕਟਰ ਜੀ ਇਹਨਾਂ ਦਾ ਕਾਫ਼ੀ ਸਤਿਕਾਰ ਕਰਦੇ ਸਨ। ਇਹਨਾਂ ਨਾਲ ਭਾਵੇਂ ਕੋਈ ਡੂੰਘਾ ਬਚਨ ਨਹੀਂ ਸਨ ਕਰਦੇ, ਪਰ ਇਹਨਾਂ ਦੀਆਂ ਬੱਚੀਆਂ ਬੀਬੀ ਮਹਿੰਦਰ ਕੌਰ ਅਤੇ ਬੀਬੀ ਜਗਦੀਸ਼ ਕੌਰ ਨਾਲ ਬਹੁਤ ਹੀ ਘੁਲੇ-ਮਿਲੇ ਹੋਏ ਸਨ। ਕਿਉਂਕਿ ਆਪ ਜੀ ਕਹਿੰਦੇ ਹੁੰਦੇ ਸਨ ਕਿ—ਮੈਨੂੰ ਵੱਡਿਆਂ ਕੋਲ ਬਹਿਣ ਨਾਲੋਂ ਬੱਚਿਆਂ ਵਿਚ ਬੈਠ ਕੇ ਬਹੁਤ ਅਨੰਦ ਆਉਂਦਾ ਹੈ। ਆਪ ਜੀ ਬੱਚਿਆਂ ਵਿਚ ਬੱਚੇ ਬਣ ਕੇ ਹੀ ਆਪਣੇ ਆਪ ਨੂੰ ਛੁਪਾਈ ਰਖਦੇ।

ਇਕ ਗੱਲ ਇਹ ਵੀ ਸੀ ਕਿ ਡਾਕਟਰ ਜੀ ਜਿਨ੍ਹਾਂ ਗੁਰਮੁਖਾਂ ਦਾ ਸਤਿਕਾਰ ਕਰਦੇ ਸਨ, ਉਹਨਾਂ ਦੇ ਸਾਹਮਣੇ ਅੱਖ ਉੱਚੀ ਨਹੀਂ ਸਨ ਕਰਦੇ। ਇਸ ਦੀ ਪਰਤੱਖ ਮਿਸਾਲ ਦੇਖਣ ਵਿਚ ਵੀ ਆਈ। ਇਕੇਰਾਂ ਸ੍ਰੀ ਅੰਮ੍ਰਿਤਸਰ ਡਾਕਟਰ ਜੀ ਭਾਈ ਕੰਵਰ ਸਿੰਘ ਜੀ ਦੇ ਘਰ ਆਏ, ਜਿਥੇ ਕਿ ਉਹਨਾਂ ਦਾ ਭਣੇਵਾਂ ਭਾਈ ਗੁਰਸ਼ਰਨ ਸਿੰਘ ਅਰਾਮ ਕਰ ਰਿਹਾ ਸੀ। ਅਜੇ ਚਾਹ ਪੀ ਕੇ ਹੀ ਹਟੇ ਸਨ ਕਿ ਕਹਿਣ ਲੱਗੇ, ‡ਬਾਊ ਜੀ ਦੀ ਤਾਰ ਖੜਕੀ ਹੈ, ਉਹ ਯਾਦ ਕਰ ਰਹੇ ਹਨ। ਜਲਦੀ ਹੀ ਤਿਆਰ ਹੋ ਕੇ ਆਪਣੇ ਭਣੇਵੇਂ ਅਤੇ ਇਕ ਹੋਰ ਸਿੰਘ ਨੂੰ ਨਾਲ ਲੈ ਕੇ ਸਾਈਕਲਾਂ ਤੇ ਰਾਣੀ ਕੇ ਬਾਗ, ਜਥੇਦਾਰ ਰਾਮ ਸਿੰਘ ਜੀ ਦੇ ਨਿਵਾਸ ਤੇ, ਪੁਜ ਗਏ। ਵੇਹੜੇ ਵਿਚ ਖੜ ਕੇ ਸਿੰਘ ਨੂੰ ਕਹਿਣ ਲਗੇ, ਦੇਖੋ ਬਾਊ ਜੀ ਲੰਗਰ ਛਕ ਚੁਕੇ ਹਨ। ਦੇਖਿਆ ਤਾਂ ਠੀਕ ਬਾਊ ਜੀ ਪਰਸ਼ਾਦਾ ਛਕ ਕੇ ਬਾਹਰ ਜਾਣ ਵਾਸਤੇ ਆ ਰਹੇ ਸਨ। ਅੱਗੇ ਹੋ ਨਿਮਰੀਭੂਤ, ਜਲ ਵਤ ਵਹਿ ਕੇ ਬਿਲਕੁਲ ਨੀਵੇਂ ਹੋ, ਧੀਮੀ ਜਿਹੀ ਸੁਰ ਵਿਚ ਫ਼ਤਹ ਗਜਾਈ। ਆਪ ਜੀ ਨੇ ਆਪਣੀਆਂ ਅੱਖਾਂ ਬਾਊ ਜੀ ਦੇ ਚਰਨਾਂ ਤਕ ਹੀ ਸੀਮਤ ਰਖੀਆਂ ਅਤੇ ਬਾਊ ਜੀ ਦੇ ਚਿਹਰੇ ਵਲ ਦੇਖਣ ਦੀ ਜੁਰਅਤ ਤਕ ਨਾ ਕੀਤੀ। ਬਾਊ ਜੀ ਨੇ ਡਾਕਟਰ ਜੀ ਨੂੰ ਗਲ ਨਾਲ ਲਾ ਕੇ ਬਹੁਤ ਪਿਆਰ ਕੀਤਾ। ਭਾਈ ਗੁਰਸ਼ਰਨ ਸਿੰਘ ਅਤੇ ਨਾਲ ਦਾ ਸਿੰਘ ਇਹ ਨਜ਼ਾਰਾ ਬੜੇ ਗੌਰ ਨਾਲ ਤੱਕ ਰਹੇ ਸਨ। ਦੇਖਿਆ ਤਾਂ ਡਾਕਟਰ ਜੀ ਦੇ ਨੈਨਾਂ ਵਿਚੋਂ ਪਰਲ ਪਰਲ ਹੰਝੂ ਵਹਿ ਰਹੇ ਹਨ। ਇਵੇਂ ਲਗੇ ਕਿ ਡਾਕਟਰ ਜੀ ਡਿਗੇ ਕਿ ਡਿਗੇ। ਕਾਫ਼ੀ ਬਖਸ਼ਸ਼ਾਂ ਭਰੀਆਂ ਬਖਸ਼ੀਸ਼ਾਂ ਦੇ ਕੇ ਬਾਊ ਜੀ ਜਥੇਦਾਰ ਰਾਮਸਿੰਘ ਜੀ ਦੇ ਨਾਲ ਕਾਰ ਵਿਚ ਤਰਨ ਤਾਰਨ ਨੂੰ ਚਲ ਪਏ। ਬਾਊ ਜੀ ਨੂੰ ਵਿਦਾ ਕਰਕੇ ਆਪਣੇ ਭਣੇਵੇਂ ਨੂੰ ਸਮਝਾਉਣ ਲਗੇ ਕਿ ਇਹ ਕੋਈ ਛੋਟੀ ਮੋਟੀ ਹਸਤੀ ਨਹੀਂ, ਪੁਗੇ ਹੋਏ ਹਨ।

---

†ਆਸਾ ਕਬੀਰ ਜੀ, ਪੰਨਾ ੪੭੬

*ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਆਪ ਨੂੰ 'ਮਸਤਾਨਾ ਜੀ' ਕਹਿ ਕੇ ਨਿਵਾਜਦੇ ਹੁੰਦੇ ਸਨ।

‡ਸ੍ਰੀ ਮਾਨ ਬਾਊ ਮੱਲ ਸਿੰਘ ਜੀ ਦੀ ਜੀਵਨੀ ਵੇਖਣ ਲਈ ਵੇਖੋ "ਪੁਸਤਕ ਪੂਰਬ ਜਨਮ ਕੇ ਮਿਲੇ ਸੰਜੋਗੀ"।



www.AKJ.Org

ਭਾਈ ਮਸਤਾਨਾ ਜੀ ਨਾਲ ਵੀ ਆਪ ਬਹੁਤ ਘਟ ਬਚਨ ਕਰਿਆ ਕਰਦੇ, ਪਰ ਦਿਲੋਂ ਪੂਰਨ ਸਤਿਕਾਰ ਕਰਦੇ ਸਨ। ਸੰਨ ੧੯੭੧ ਤੋਂ ੭੫ ਤਕ ਤਾਂ ਡਾਕਟਰ ਜੀ ਦੀ ਆਮਦ ਇਹਨਾਂ ਪਰਵਾਰਾਂ ਪਾਸ ਆਮ ਹੀ ਰਹੀ। ਮਹੀਨਿਆਂ ਬੱਧੀ ਇਨ੍ਹਾਂ ਪਾਸ ਟਿਕੇ ਰਹਿਣਾ। ਇਕੱਠੇ ਰੈਣ ਸਬਾਈਆਂ ਦੇ ਕੀਰਤਨ ਤੇ ਜਾਣਾ। ਬੀਬੀ ਮਹਿੰਦਰ ਕੌਰ ਅਤੇ ਬੀਬੀ ਜਗਦੀਸ਼ ਕੌਰ ਦੇ ਕੀਰਤਨ ਨੂੰ ਬਹੁਤ ਹੀ ਪਸੰਦ ਕਰਨਾ, ਜਦੋਂ ਇਹਨਾਂ ਕੀਰਤਨ ਅਰੰਭਣਾ, ਵਾਰਨੇ ਬਲਿਹਾਰਨੇ ਹੋ ਹੋ ਪੈਣਾ। ਬੀਬੀ ਮਹਿੰਦਰ ਕੌਰ ਜੀ ਦੇ ਮਾਤਾ ਜੀ ਨਾਲ ਵੀ ਡਾਕਟਰ ਜੀ ਦਾ ਕੋਈ ਪਰਾ-ਪੂਰਬਲਾ ਸੰਜੋਗ ਹੀ ਸੀ। ੧੯੭੮ ਵਿਚ ਜਦੋਂ ਇਹ ਗੁਰਮੁਖ ਬੀਬੀ ਫਤਹ ਗਜਾ ਗਏ ਤਾਂ ਫਿਰ ਬਹੁਤ ਉਦਾਸ-ਚਿੱਤ ਜਿਹੇ ਹੀ ਮਸਤਾਨਾ ਜੀ ਦੇ ਘਰ ਜਾਣਾ। ਇਨ੍ਹਾਂ ਦੇ ਦੁਸਹਿਰੇ ਦੇ ਕੀਰਤਨ 'ਚ ਡਾਕਟਰ ਜੀ ਨੇ ਹਾਜ਼ਰੀ ਭਰੀ ਅਤੇ ਅੰਤਰ ਆਤਮੇ ਬੇਅੰਤ ਬਖਸ਼ਸ਼ਾਂ ਕੀਤੀਆਂ।

ਬੀਬੀ ਮਹਿੰਦਰ ਕੌਰ ਜੀ ਦਸਦੇ ਹਨ ਕਿ ਇਕ ਵੇਰਾਂ ਰੈਣ ਸਬਾਈ ਕੀਰਤਨ ਹੋ ਰਿਹਾ ਸੀ। ਡਾਕਟਰ ਜੀ ਬਿਲਕੁਲ ਨੇੜੇ ਹੀ ਬੈਠੇ ਸਨ। ਪਤਾ ਨਹੀਂ ਕੀ ਤਰੰਗ ਉਠੀ ਕਿ ਡਾਕਟਰ ਜੀ ਅੰਤਰ-ਆਤਮੇ ਨਾਮ-ਰੰਗਾਂ ਵਿਚ ਗੜੂੰਦ ਹੋਏ ਹੋਏ, ਅਚਣਚੇਤ ਜ਼ੋਰ ਜ਼ੋਰ ਨਾਲ ਨਾਮ-ਖੰਡਾ ਖੜਕ ਉਣ ਲਗ ਪਏ। ਨਾਲ ਹੀ ਕੜੇ ਖੜਕਾ ਖੜਕਾ ਕੇ ਇਕ ਹੋਰ ਹੀ ਰਸਭਿੰਨਾ ਰੰਗ ਬੁਝਾ-ਦਿਖਾ ਰਹੇ ਸਨ। ਇਸੇ ਹੀ ਰੰਗ ਵਿਚ ਡਾਕਟਰ ਜੀ ਉਠੇ ਅਤੇ "ਹਰਿ ਜਨ ਨਾਚਹੁ ਹਰਿ ਹਰਿ ਧਿਆਇ"* ਵਾਲਾ ਰੰਗ ਪਰਤੱਖ ਕਰ ਦਿਤਾ। ਸਾਰੀ ਸੰਗਤ ਇਹ ਅਚਰਜ ਕੌਤਕ ਬੜੀ ਹੀ ਅਸਚਰਜਤਾ ਨਾਲ ਦੇਖ ਰਹੀ ਸੀ। ਗੁਰਮੁਖ ਰੂਹਾਂ ਪੰਡਾਲ ਵਿਚ ਸੱਜੀਆਂ ਧੰਨ ਧੰਨ ਕਹਿ ਰਹੀਆਂ ਸਨ। ਕਾਫ਼ੀ ਦੇਰ ਇਹ-ਰੰਗ ਬਝਾ ਰਿਹਾ ਅਤੇ ਥੋੜੀ ਦੇਰ ਪਿਛੋਂ ਡਾਕਟਰ ਜੀ ਫਿਰ ਸਹਿਜ ਰੰਗਾਂ ਵਿਚ ਲੋਪ-ਛੋਪ ਹੋ ਕੇ ਇਕ ਪਾਸੇ ਹੋ ਕੇ ਬਿਰਾਜਮਾਨ ਹੋ ਗਏ। ਰੈਣ ਸਬਾਈ ਦੇ ਭੋਗ ਪੈਣ ਤਕ ਇਵੇਂ ਹੀ ਅਮਰ ਅਟਾਰਿਆਂ ਵਿਚ ਟਿਕੇ ਰਹੇ। ਭੋਗ ਤੋਂ ਬਾਅਦ ਬੀਬੀ ਮਹਿੰਦਰ ਕੌਰ ਬੀਬੀ ਜਗਦੀਸ਼ ਕੌਰ ਸਭ ਇਕੱਠੇ ਹੀ ਚੰਡੀਗੜ੍ਹ ਵਾਪਸ ਪੁਜੇ।

ਇਹਨਾਂ ਹੀ ਦਿਨਾਂ ਵਿਚ ਡਾਕਟਰ ਜੀ ਦਾ ਰੁਝਾਨ ਜਦ ਗੁਰਬਾਣੀ ਲਿਖਣ ਵਲ ਜਾਗਿਆ ਤਾਂ ਸਭ ਤੋਂ ਕੀਮਤੀ ਕਾਗਜ਼ ਖਰੀਦ ਕੇ ਆਪਣੇ ਹਥੀਂ ਉਸ ਨੂੰ ਕੱਟਿਆ ਅਤੇ ਫਿਰ ਸੁਨਹਿਰੀ ਜਿਲਦਾਂ ਵਿਚ ਜੜ੍ਹਤ ਕੀਤਾ ਅਤੇ ਪੋਥੀਆਂ ਦਾ ਰੂਪ ਦਿਤਾ। ਗੁਰਬਾਣੀ ਨੂੰ ਲਿਖਣ ਲਈ ਸਿਆਹੀ ਦਾ ਨੁਸਖ਼ਾ ਆਪ ਜੀ ਪਾਸ ਪਹਿਲਾਂ ਹੀ ਮੌਜੂਦ ਸੀ, ਕਿਉਂਕਿ ਸਿਆਹੀ ਬਾਰੇ ਨੁਸਖੇ ਦੀ ਆਪ ਜੀ ਨੇ ਗਿਆਨੀ ਭਗਵਾਨ ਸਿੰਘ ਜੀ ਗੁਰੂ ਨਾਨਕਪੁਰੇ ਵਾਲਿਆਂ ਤੋਂ ਕਾਫ਼ੀ ਮਦਦ ਲਈ ਸੀ। ਉਨ੍ਹਾਂ ਨੂੰ ਪੁਰਾਤਨ ਬੀੜਾਂ ਦੀਆਂ ਲਿਖਤਾਂ ਵਿਚੋਂ ਜੋ ਨੁਸਖ਼ਾ ਮਿਲਿਆ, ਉਹ ਡਾਕਟਰ ਜੀ ਪਾਸ ਲਿਖਤੀ ਰੂਪ ਵਿਚ ਸੀ। ਬੜੀ ਹੀ ਮੇਹਨਤ ਨਾਲ ਸਿਆਹੀ ਤਿਆਰ ਕੀਤੀ। ਬੀਬੀ ਮਹਿੰਦਰ ਕੌਰ ਜੀ ਦੱਸਦੇ ਹਨ ਕਿ ਇਹਨਾਂ ਦਿਨਾਂ ਵਿਚ ਡਾਕਟਰ ਜੀ ਇਤਨੇ ਰੁਝੇ ਹੋਏ ਲਗਦੇ ਸਨ ਜਿਵੇਂ ਕਿ ਉਹਨਾਂ ਪਾਸ ਇਕ ਮਿੰਟ ਸਕਿੰਟ ਦਾ ਵੇਹਲ ਨਹੀਂ ਹੁੰਦਾ। ਹਫ਼ਤਾ ਕੁ ਸਿਆਹੀ ਤਿਆਰ ਕਰਨ ਤੇ ਹੀ ਲਗ ਗਿਆ। ਜਦ ਸਿਆਹੀ ਤਿਆਰ ਹੋ ਗਈ ਤਾਂ ਕਲਮਾਂ ਦੀ ਖੋਜ ਸ਼ੁਰੂ ਕੀਤੀ ਅਤੇ ਗੁਰਮਤਿ ਅਨੁਸਾਰ ਕਲਮ, ਸਿਆਹੀ ਤੇ ਪੋਥੀਆਂ ਲੈ ਕੇ ਇੰਜ ਸਜ ਗਏ ਜਿਵੇਂ ਕਿ ਪੁਰਾਤਨ ਗੁਰਸਿਖ ਲਿਖਤਾਂ ਲਿਖਿਆ ਕਰਦੇ ਸਨ। ਇਥੇ ਚੰਡੀਗੜ੍ਹ ਵਿਖੇ ਹੀ ਡਾਕਟਰ ਜੀ ਨੇ ਕਾਫ਼ੀ ਬਹੁ-ਸ਼ਬਦੀ ਪੋਥੀਆਂ ਲਿਖੀਆਂ,ਮੂਲ-ਮੰਤਰ ਦਾ ਜਾਪ ਬੇਅੰਤ ਵਾਰੀ ਲਿਖਿਆ। ਇਹੀ ਪੋਥੀਆਂ ਹੁਣ ਤਕ ਬੀਬੀ ਜੀ ਪਾਸ ਸਾਂਭੀਆਂ ਪਈਆਂ ਹਨ। ਇਹਨਾਂ ਪੋਥੀਆਂ ਦੀ ਖੁਸ਼ਖ਼ਤ ਲਿਖਤ, ਇਕ ਮੂੰਹ-ਬੋਲਦੀ ਤਸਵੀਰ ਹੈ। ਕਿੰਨਾ ਸਿਦਕ, ਪ੍ਰੇਮ ਤੇ ਵੈਰਾਗ ਸੀ ਡਾਕਟਰ ਜੀ ਦਾ ਗੁਰਬਾਣੀ ਪ੍ਰਤੀ। ਪਿਆਰ ਵਾਲਾ ਤਾਂ ਅਥਾਹ ਸਮੁੰਦਰ ਹੀ ਹੋਵੇਗਾ। ਇਕ ਪੋਥੀ ਵਿਚੋਂ ਕੁਝ ਸ਼ਬਦ ਦੇਖੇ, ਜਿਨ੍ਹਾਂ ਦੀਆਂ ਪਹਿਲੀਆਂ ਤੁਕਾਂ ਇਸ ਪ੍ਰਕਾਰ ਹਨ :–

(੧) ਅਬ ਤਬ ਜਬ ਕਬ ਤੁਹੀ ਤੁਹੀ ॥ (ਰਾਮਕਲੀ ਕਬੀਰ ਜੀ, ਪੰਨਾ ੯੬੯)

(੨) ਮਾਈ ਸਤਿ ਸਤਿ ਸਤਿ ਹਰਿ ਸਤਿ ਸਤਿ ਸਤਿ ਸਾਧਾ ॥ (ਸਾਰੰਗ ਮਹਲਾ ੫, ਪੰਨਾ ੧੨੦੪)

*ਆਸਾ ਮਹਲਾ ੪, ਪੰਨਾ ੩੬੮



www.AKJ.Org

(੩) ਮਾਈ ਮੋਹਿ ਅਵਰੁ ਨ ਜਾਨਿਓ ਆਨਾਨਾਂ ॥ (ਗਉੜੀ ਕਬੀਰ ਜੀ, ਪੰਨਾ ੩੩੯)

(੪) ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ ॥ (ਸੋਰਠਿ ਮਹਲਾ ੫, ਪੰਨਾ ੬੧੦)

(੫) ਰਾਇਸਾ ਪਿਆਰੇ ਕਾ ਰਾਇਸਾ ਜਿਤੁ ਸਦਾ ਸੁਖੁ ਹੋਈ ॥ (ਤਿਲੰਗ ਮਹਲਾ ੧, ਪੰਨਾ ੭੨੫)

(੬) ਬਾਬਾ ਮਨੁ ਮੁਤਵਾਰੋ ਨਾਮੁ ਰਸੁ ਪੀਵੈ ਸਹਜ ਰੰਗ ਰਚਿ ਰਹਿਆ ॥ (ਆਸਾ ਮਹਲਾ ੧, ਪੰਨਾ ੩੬੦)

(੭) ਬਾਬਾ ਮਨਿ ਸਾਚਾ ਮੁਖਿ ਸਾਚਾ ਕਹੀਐ ਤਰੀਐ ਸਾਚਾ ਹੋਈ ॥ (ਪ੍ਰਭਾਤੀ ਮਹਲਾ ੧, ਪੰਨਾ ੧੩੨੮

ਇਸ ਤੋਂ ਇਲਾਵਾ ਹੋਰ ਵੀ ਬੇਅੰਤ ਸ਼ਬਦ ਹਨ। ਬੀਬੀ ਮਹਿੰਦਰ ਕੌਰ ਜੀ ਨੇ ਦੱਸਿਆ ਹੈ ਕਿ ਜਦੋਂ ਡਾਕਟਰ ਜੀ ਰਾਤ ਉਹਨਾਂ ਪਾਸ ਟਿਕਦੇ ਸਨ ਤਾਂ ਕਦੀ ਵੀ ਉਹਨਾਂ ਨੂੰ ਸੁਤਿਆਂ ਨਹੀਂ ਸੀ ਪਾਇਆ ਗਿਆ। ਉਹ ਸੁਚੇਤ ਅਟੰਕ ਬਿਰਤੀ 'ਚ ਰਹਿੰਦੇ ਸਨ। ਹੋਰਨਾਂ ਨੂੰ ਭਰਮ-ਭੁਲਾਵੇ ਵਿਚ ਰਖ ਕੇ ਐਵੇਂ ਝੂਠੀ ਮੂਠੀ ਨੀਂਦਰ ਨਿੰਦਰਾਉਂਦੇ, ਪਰ ਅਸਲ ਚਿ ਤਾਂ ਉਹ ਸਦ ਜਾਗਤ ਹੀ ਰਹਿੰਦੇ ਸਨ।

ਡਾਕਟਰ ਜੀ ਸ੍ਰੀ ਅੰਮ੍ਰਿਤਸਰ ਦੀ ਬਹੁਤ ਖਿਚ ਕਰਦੇ ਸਨ। ਜਦੋਂ ਕਿਤੇ ਮਨ ਚਿ ਸਫੁਰਨ ਫੁਰਨਾ, ਉਸੇ ਵੇਲੇ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਦੇ ਦਰਸ਼ਨਾਂ ਨੂੰ ਮੁਹਾਰਾਂ ਮੋੜ ਲੈਣੀਆਂ। ਬੀਬੀ ਜੀ ਦੱਸ ਰਹੇ ਸਨ ਕਿ ਜਦੋਂ ਅਸੀਂ ਸ੍ਰੀ ਅੰਮ੍ਰਿਤਸਰ ਡਾਕਟਰ ਜੀ ਪਾਸ ਜਾਣਾ ਤਾਂ ਡਾਕਟਰ ਜੀ ਨੇ ਬੜੇ ਚਾਵਾਂ ਨਾਲ ਆਪਣੇ ਹਥੀਂ ਲੰਗਰ ਤਿਆਰ ਕਰਨਾ। ਬੜੀਆਂ ਸਵਾਦਲੀਆਂ ਚੀਜ਼ਾਂ ਖੀਰ ਆਦਿ ਤਿਆਰ ਕਰ ਕੇ ਛਕਾਉਣੀ। ਜੇ ਅਸੀਂ ਸੇਵਾ ਕਰਨ ਲਈ ਕਹਿਣਾ ਤਾਂ ਹੱਥ ਤਕ ਨਾ ਲ ਉਣ ਦੇਣਾ। ਜਿਸ ਬੀਬੀ ਜੀ ਪਾਸ ਸ੍ਰੀ ਅੰਮ੍ਰਿਤਸਰ ਟਿਕਦੇ ਸਨ, ਉਹ ਬੀਬੀ ਜੀ ਵੀ ਬਹੁਤ ਪਿਆਰ ਵਾਲੇ ਸਨ। ਡਾਕਟਰ ਜੀ ਦਾ ਬਹੁਤ ਸਤਿਕਾਰ ਕਰਦੇ ਅਤੇ ਆਏ ਗਏ ਦੀ ਬੜੀ ਹੀ ਆਉ ਭਾਗਤ ਕਰਦੇ ਸਨ।

ਬੀਬੀ ਜਗਦੀਸ਼ ਕੌਰ ਜੀ ਨੇ ਦੱਸਿਆ ਕਿ ਡਾਕਟਰ ਜੀ ਹਸਮੁਖ ਵੀ ਬੜੇ ਸਨ। ਇਕ ਵੇਰਾਂ ਲੋਹੜੀ ਦੇ ਤਿਉਹਾਰ ਉਤੇ ਬੱਚਿਆਂ ਨਾਲ ਰਲ ਕੇ ਲੋਹੜੀ ਮੰਗਣ ਆ ਗਏ। ਝੁੰਗਲਮਾਟਾ ਜਿਹਾ ਕੀਤਾ ਹੋਇਆ ਸੀ ਅਤੇ ਪਹਿਚਾਣੇ ਨਹੀਂ ਸਨ ਜਾਂਦੇ। ਬੱਚਿਆਂ ਵਿਚ ਹੀ ਰਲ ਕੇ "ਸੁੰਦਰ ਮੁੰਦਰਗੋਏ—ਹੋ" 'ਤੇਰਾ ਕੌਣ ਵਿਚਾਰਾ—ਹੋ" ਕਹਿ ਰਹੇ ਸਨ। ਬੀਬੀ ਜੀ ਦੱਸਦੇ ਹਨ ਕਿ ਉਹ ਅੰਦਰ ਰਸੋਈ ਵਿਚ ਸਨ ਅਤੇ ਪਹਿਲੋਂ ਹੀ ਬੱਚਿਆਂ ਦੀ ਆਮਦ ਤੋਂ ਖਿਝੇ ਪਏ ਸਨ। ਬੀਬੀ ਜੀ ਨੇ ਅੰਦਰੋਂ ਹੀ ਕਹਿ ਦਿਤਾ, "ਜਾਉ ਨੱਠ, ਘੜੀ ਮੁੜੀ ਮੁੜ ਮੁੜ ਕੇ ਆਈ ਜਾ ਰਹੇ ਹੋ।" ਪਰ ਉਸੇ ਵਕਤ ਪਤਾ ਨਹੀਂ ਕੀ ਕਲਾ ਵਰਤੀ ਅਤੇ ਬੀਬੀ ਜੀ ਬਾਹਰ ਆ ਗਏ। ਵੇਖਿਆ ਤਾਂ ਬੱਚਿਆਂ ਵਿਚ ਡਾਕਟਰ ਜੀ ਹਨ। ਬੀਬੀ ਜੀ ਬਹੁਤ ਪਛਤਾਏ, ਪਰ ਡਾਕਟਰ ਜੀ ਬੜੇ ਖੁਸ਼ ਅਤੇ ਹੱਸ ਰਹੇ ਸਨ। ਬੀਬੀ ਜੀ ਨੇ ਡਾਕਟਰ ਜੀ ਦੀ ਆਉ-ਭਾਗਤ ਕੀਤੀ ਅਤੇ ਡਾਕਟਰ ਜੀ ਨੇ ਵੀ ਬਹੁਤ ਪਿਆਰ ਜਤਾਇਆ। ਨਾਲ ਹੀ ਕਿਹਾ ਕਿ ਜੇ ਰੱਬ ਦੇ ਛੋਟੇ ਅਕਾਰ ਵਿਚ ਦਰਸ਼ਨ ਪਰਸਨੇ ਹੋਣ ਤਾਂ ਇਕ ਬੱਚੇ ਦੇ ਦਰਸ਼ਨ ਕਰੋ, ਕਿਉਂਕਿ ਬੱਚੇ ਦੀ ਆਤਮਾ ਸ਼ੁਧ ਅਤੇ ਸਪਸ਼ਟ ਹੁੰਦੀ ਹੈ ਅਤੇ ਹਿਰਦਾ ਸੀਤਲ ਅਤੇ ਸ਼ਾਂਤ ਹੋਇਆ ਕਰਦਾ ਹੈ।

ਇਥੇ ਹੀ ਬੈਠਿਆਂ ਬੈਠਿਆਂ ਡਾਕਟਰ ਜੀ ਪਾਸ ਭਾਈ ਪ੍ਰੀਤਮ ਸਿੰਘ ਜੀ ਨ ਬੇਨਤੀ ਕੀਤੀ ਕਿ ਸਿਹਤ ਵਿਚ ਖ਼ਰਾਬੀ ਹੈ। ਡਾਕਟਰ ਜੀ ਨੇ ਉਹਨਾਂ ਨੂੰ ਦਵਾਈਆਂ ਲਿਖ ਦਿਤੀਆਂ ਅਤੇ ਨਾਲ ਹੀ ਕਿਹਾ ਕਿ ਭਾਈ ਗੁਰਦਾਸ ਜੀ ਦੀ ੧੭ਵੀਂ ਵਾਰ ਦੀ ੧੩ਵੀਂ ਪਉੜੀ ਵੀ ਲਿਖੋ :—

ਰੋਗੀ ਮਾਣਸ ਹੋਇ ਕੈ ਫਿਰਦਾ ਬਾਹਲੇ ਵੈਦ ਪੁਛੰਦਾ ॥
ਕਚੇ ਵੈਦ ਨ ਜਾਣਨੀ ਵੇਦਨ ਦਾਰੂ ਰੋਗੀ ਸੰਦਾ ॥
ਹੋਰੋ ਦਾਰੂ ਰੋਗ ਹੋਰ ਹੋਇ ਪਚਾਇੜ ਦੂਖ ਸਹੰਦਾ ॥
ਆਵੈ ਵੈਦ ਸੁਵੈਦੁ ਘਰਿ ਦਾਰੂ ਦਸੈ ਰੋਗ ਲਹੰਦਾ ॥

[ਬਾਕੀ ਵੇਖੋ ਸਫ਼ਾ ੧੫ ਦੇ ਹੇਠ]



www.AKJ.Org

# ਵਾਹਿਗੁਰੂ ਤੋਂ ਘੁਥੇ ਦੇਸ਼-ਸੇਵਕਾਂ ਦੀ ਸੇਵਾ

[ਪ੍ਰੋਫੈਸਰ ਸਾਹਿਬ ਸਿੰਘ ਜੀ ਡੀ. ਲਿਟ.]

ਜਿਹੜਾ ਵੀ ਰਸਤਾ ਪਰਮਾਤਮਾ ਦੀ ਯਾਦ ਨੂੰ ਬੇ-ਲੋੜਵਾਂ ਦਸਦਾ ਹੈ, ਉਹ ਕੁਵੱਲਾ ਰਸਤਾ ਹੈ, ਉਸ ਵਿਚੋਂ ਕਈ ਉਪਾਧੀਆਂ ਨਿਕਲਦੀਆਂ ਹਨ।

ਪਰ-ਅਧੀਨਤਾ ਸਮੇਂ ਜਦੋਂ ਸਾਡੇ ਦੇਸ਼ ਨੇ ਕਾਂਗਰਸ ਦੇ ਝੰਡੇ ਹੇਠ ਅਜ਼ਾਦੀ ਦਾ ਢੋਲ ਵਜਾਇਆ ਸੀ, ਤਾਂ ਸੈਂਕੜੇ ਨਹੀਂ, ਹਜ਼ਾਰਾਂ ਲੱਖਾਂ ਭਾਰਤ-ਵਾਸੀ ਅਜ਼ਾਦੀ ਦੀ ਛਿੰਝ ਵਿਚ ਨਿਤਰੇ, ਜਿਨ੍ਹਾਂ ਜਵਾਨੀ ਦੀ ਉਮਰ ਦੇ ਕਈ ਕਈ ਸਾਲ ਜੇਲ੍ਹਾਂ ਵਿਚ ਕਟੇ ਸਨ। ਪਰ ਜੀਵਨ-ਘੋਲ ਨੂੰ ਅਸਾਂ ਬਾਹਰੋਂ ਬਾਹਰੋਂ ਹੀ ਨਹੀਂ ਵੇਖਣਾ। ਹਰੇਕ ਮਨੁਖ ਨੇ ਆਪਣੇ ਅੰਦਰ ਹਰ ਵੇਲੇ ਹੋ ਰਿਹਾ ਘੋਲ ਭੀ ਗਹੁ ਨਾਲ ਤੱਕਣਾ ਹੈ। ਦੇਸ਼ ਦੀ ਸੁਤੰਤਰਤਾ ਦੀ ਖ਼ਾਤਰ ਕੁਰਬਾਨੀ ਕਰਨ ਵਾਲੇ ਜਿਸ ਵੀ ਸਜਣ ਨੇ ਇਹ ਵੇਖਣਾ ਹੋਵੇ ਕਿ ਉਸ ਦਾ ਆਪਣਾ ਸ਼ਖਸੀ ਜੀਵਨ ਕਿਸ ਪੱਧਰ ਤੇ ਸੀ, ਉਹ ਆਪਣੇ ਆਪ ਨੂੰ ਇਉਂ ਪੁਛ ਵੇਖੇ—ਕੀ ਕੈਦ ਮੁੱਕਣ ਤੇ ਜੇਲ੍ਹ ਤੋਂ ਬਾਹਰ ਆਉਣ ਵੇਲੇ ਮਨ ਇਹ ਤਾਂਘਦਾ ਸੀ ਕਿ ਲੋਕ ਅਗੋਂ ਸੁਆਗਤ ਕਰਨ ਲਈ ਸੈਂਕੜੇ ਹਜ਼ਾਰਾਂ ਦੀ ਗਿਣਤੀ ਵਿਚ ਆਏ ਹੋਏ ਹੋਣ? ਜੇ ਸੁਆਗਤ ਲਈ ਕੋਈ ਨਹੀਂ ਸੀ ਆਉਂਦਾ ਤਾਂ ਕੀ ਦਿਲ ਨੂੰ ਸੱਟ ਨਹੀਂ ਸੀ ਵਜਦੀ? ਕੀ ਦੇਸ਼-ਵਾਸੀ ਗੁਆਂਢੀਆਂ ਉਤੇ ਗੁੱਸਾ ਨਹੀਂ ਸੀ ਆਉਂਦਾ ਕਿ ਉਹਨਾਂ ਸਾਡੀ ਕੁਰਬਾਨੀ ਦੀ ਕਦਰ ਨਹੀਂ ਕੀਤੀ? ਜੇ ਲੋਕ ਅਗੋਂ ਆ ਕੇ ਜਲੂਸ ਕਢਦੇ ਸਨ ਤਾਂ ਕੀ ਮਨ ਅਹੰਕਾਰ ਨਾਲ ਆਫਰ ਨਹੀਂ ਸੀ ਜਾਂਦਾ?

ਮਾਇਆ ਦੇ ਸਾਰੇ ਹੀ ਸੂਰਮੇ ਇਨਸਾਨੀ ਜੀਵਨ ਨੂੰ ਡੇਗਣ ਲਈ ਇਕੋ ਜਿਹੇ ਹੀ ਖ਼ਤਰਨਾਕ ਹਨ। ਕਿਸੇ ਇਕ ਦੇ ਢਹੇ ਚੜ੍ਹਿਆਂ ਭੀ ਜੀਵਨ-ਖੇਡ ਹਾਰ ਜਾਈਦੀ ਹੈ। ਸੋ, ਸਰੀਰ ਉਤੇ ਜੇਲ੍ਹਾਂ ਦੇ ਕਸ਼ਟ ਸਹਾਰ ਕੇ ਤੇ ਬਾਹਰ ਕਾਰ-ਵਿਹਾਰ ਵਿਗੜਨ ਦੇ ਕਾਰਨ ਧਨ ਗੁਆ ਕੇ ਵੀ ਇਕੱਲੇ ਦੇ ਹੀ ਵੱਸ ਵਿਚ ਆਇਆਂ ਆਤਮਕ ਜੀਵਨ ਦੇ ਘੋਲ ਵਿਚ ਢਹਿ ਪਈਦਾ ਹੈ। ਤਾਈਓਂ ਕਬੀਰ ਜੀ ਨੇ ਲਿਖਿਆ ਹੈ ਕਿ ਜੇ ਮਾਣ-ਅਹੰਕਾਰ ਨਹੀਂ ਛਡਿਆ ਜਾ ਸਕਦਾ ਤਾਂ ਮਾਇਆ ਦੇ ਤਿਆਗ ਨਾਲ ਭੀ ਆਤਮਕ ਜੀਵਨ ਨਹੀਂ ਸੌਰਦਾ; ਕਿਉਂਕਿ ਅਹੰਕਾਰ ਇਕ ਐਸੀ ਬਲਾ ਹੈ ਜਿਸ ਨੇ ਵਡੇ ਵਡੇ ਰਿਸ਼ੀਆਂ ਮੁਨੀਆਂ ਨੂੰ ਖਾ ਲਿਆ, ਇਸ ਦੇ ਅਗੇ ਕੋਈ ਵਿਰਲਾ ਹੀ ਅੜ ਸਕਦਾ ਹੈ। ਫ਼ੁਰਮਾਂਦੇ ਹਨ—

ਕਬੀਰ ਮਾਇਆ ਤਜੀ ਤਉ ਕਿਆ ਭਇਆ ਜਉ ਮਾਨੁ ਤਜਿਆ ਨਹੀ ਜਾਇ ॥
ਮਾਨ ਮੁਨੀ ਮੁਨਿਵਰ ਗਲੇ, ਮਾਨੁ ਸਭੈ ਕਉ ਖਾਇ ॥੧੫੬॥ (੧੩੭੨ ਪੰਨਾ)

ਇਕ ਗੱਲ ਹੋਰ ਭੀ ਹੈ। ਲੋਕ ਹਾਸੇ ਦੀ ਇਕ ਬਾਤ ਸੁਣਾਇਆ ਕਰਦੇ ਹਨ—ਇਕ ਨਿੱਕੀ ਜਹੀ ਕੱਚੀ ਕੁੱਲੀ ਵਿਚ ਇਕ ਗਰੀਬ ਬੰਦਾ ਰਹਿੰਦਾ ਸੀ। ਇਕ ਦਿਨ ਮੀਂਹ ਲਹਿ ਪਿਆ। ਇਕ ਊਠ ਨੇ ਆ ਤਰਲਾ ਕੀਤਾ ਕਿ ਮੀਂਹ ਦੇ ਫਾਂਡ ਤੋਂ ਬਚਣ ਲਈ ਮੈਨੂੰ ਭੀ ਘੜੀ ਕੁ ਅੰਦਰ ਖਲੋ ਲੈਣ ਦੇ। ਕੁੱਲੀ ਦੇ ਮਾਲਕ ਨੇ ਸਮਝਾਇਆ ਕਿ ਭਲੇ ਲੋਕ! ਤੇਰੇ ਇਤਨੇ ਵਡੇ ਸਰੀਰ ਲਈ ਇਸ ਨਿਕੇ ਜਹੇ ਕੋਠੇ ਵਿਚ ਥਾਂ ਨਹੀਂ ਹੋ ਸਕਦੀ। ਊਠ ਨੇ ਆਖਿਆ, 'ਹੱਛਾ, ਮੈਨੂੰ ਸਿਰ ਹੀ ਲੁਕਾ ਲੈਣ ਦੇ।' ਬਸ, ਫਿਰ ਕੀ ਸੀ? ਸਿਰ ਅਗਾਂਹ ਅਗਾਂਹ ਸਰਕਾ ਕੇ ਉਸ ਨੇ ਸਹਿਜੇ ਸਹਿਜੇ ਆਪਣੇ ਪੈਰ ਭੀ ਅੰਦਰ ਆ ਜਮਾਏ ਤਾਂ ਮੂਰਖ ਗਰੀਬ ਨੂੰ ਕੋਠਿਓਂ ਬਾਹਰ ਨਿਕਲਣਾ ਪਿਆ। ਇਹੀ ਹਾਲ ਸੁਆਗਤਾਂ ਤੇ ਜਲੂਸਾਂ ਦੇ ਚਾਹਵਾਨ ਸੇਵਕਾਂ ਦਾ ਹੁੰਦਾ ਹੈ। ਇਹ ਜਲੂਸ ਤੇ ਸੁਆਗਤ ਊਠ ਦੀ ਧੌਣ ਦੀ ਸਮਝ ਲਵੋ। ਜਿਉਂ ਜਿਉਂ ਦੇਸ-ਸੇਵਕ ਦੇ ਅਹੰਕਾਰ ਨੂੰ ਸੁਆਗਤਾਂ ਤੇ ਜਲੂਸਾਂ ਦੀ ਖ਼ੁਰਾਕ ਮਿਲਦੀ ਹੈ, ਉਹ ਆਪ ਬਲਵਾਨ ਹੋ ਕੇ ਬਾਕੀ ਸਾਥੀਆਂ ਲਈ ਭੀ ਥਾਂ ਬਣਾਂਦਾ ਜਾਂਦਾ ਹੈ। ਲੋਭ ਆਦਿਕ ਨੂੰ ਭੀ ਫਿਰ ਰੱਜ ਕੇ ਮੌਕਾ ਮਿਲਦਾ ਹੈ। ਕੈਦਾਂ ਸਮੇਂ ਗੁਆਏ ਧਨ ਦੀ ਕਸਰ ਇਤਨੀ ਨਿਕਲਦੀ ਹੈ ਕਿ ਕਈ ਪੀੜ੍ਹੀਆਂ ਤਕ



www.AKJ.Org

ਮੁਕਣ ਜੋਗਾ ਨਹੀਂ ਰਹਿੰਦਾ। ਜੇ ਅਜ਼ਾਦ ਵਤਨ ਵਿਚ ਵੀ 'ਸੇਵਕ' ਗਰੀਬ ਹੀ ਰਹੇ, ਤਾਂ ਉਸ ਅਜ਼ਾਦੀ ਦਾ ਕੀ ਲਾਭ ? ਫਿਰ, ਹਰੇਕ ਸਰਕਾਰੀ ਠੇਕੇ ਵਿਚ ਤੇ ਹਰੇਕ ਕੰਮ-ਕਾਜ ਵਿਚ, ਜਿਥੇ ਕਿ ਸਰਕਾਰੀ ਨਹੁੰ ਅੜਦਾ ਹੋਵੇ, 'ਸੇਵਕਾਂ' ਦੀਆਂ ਪੱਤੀਆਂ ਹੋ ਜਾਂਦੀਆਂ ਹਨ, ਰਾਜ-ਦਰਬਾਰੇ ਤਰਦੀਆਂ ਤਰਦੀਆਂ ਅਸਾਮੀਆਂ ਉਤੇ 'ਸੇਵਕਾਂ' ਦੇ ਹੀ ਸਾਕ-ਅੰਗ, 'ਸੇਵਕਾਂ' ਦੇ ਹੀ ਯਾਰ-ਦੋਸਤ ਨੌਕਰ ਰਖੇ ਜਾਂਦੇ ਹਨ। ਹੁੰਦੀ ਭੀ ਮਜਬੂਰੀ ਹੀ ਹੈ, ਕਿਉਂਕਿ ਦੇਸ ਦੀ 'ਸੇਵਾ' ਕਰਨ ਲਈ 'ਇਤਬਾਰੀ' ਬੰਦੇ ਰਖਣੇ ਹੁੰਦੇ ਹਨ। ਅਜ਼ਾਦ ਦੇਸ ਵਿਚ ਚਾਰ-ਚੁਫੇਰੇ ਚੋਰ-ਬਜ਼ਾਰੀ ਤੇ ਵੱਢੀ ਦੇ ਪੌਂ ਬਾਰ੍ਹਾਂ ਹੋ ਜਾਂਦੇ ਹਨ। ਵੱਢੀ-ਖੋਰਾਂ ਤੇ ਚੋਰ-ਬਜ਼ਾਰੀਆਂ ਨੂੰ ਰੋਕੇ ਕੌਣ ? 'ਸੇਵਕਾਂ' ਨੇ ਉਹਨਾਂ ਦੇ ਰਾਹੀਂ ਹੀ ਅਗਾਂਹ ਨੂੰ 'ਦੇਸ-ਸੇਵਾ' ਕਰਨ ਲਈ ਚੋਣਾਂ ਦੇ ਸਮੇਂ ਪਰਚੀਆਂ ਲੈਣੀਆਂ ਹੁੰਦੀਆਂ ਹਨ। ਗ਼ਰੀਬ ਜਨਤਾ ਮਹਿੰਗਾਈ ਦੇ ਭਾਰ ਹੇਠ ਨੱਪੀ ਹੋਈ ਤ੍ਰਾਹ ਤ੍ਰਾਹ ਪਈ ਕਰਦੀ ਹੈ, ਪਰ ਉਸ ਨੂੰ ਦਮ-ਦਿਲਾਸੇ ਹੀ ਦਿਤੇ ਜਾਂਦੇ ਹਨ, ਜਨਤਾ ਵਾਸਤੇ ਪੰਜ-ਸਾਲਾ ਵਿਓਂਤਾਂ ਹੀ ਪਈਆਂ ਬਣਦੀਆਂ ਹਨ, ਜਾਂ, ਅਮਨ-ਸ਼ਾਂਤੀ ਕਾਇਮ ਰਖਣ ਲਈ ਨਵੀਆਂ ਹੱਥ-ਆਈਆਂ ਡਾਂਗਾਂ-ਬੰਦੂਕਾਂ ਹੀ ਵਰਤੀਆਂ ਜਾਂਦੀਆਂ ਹਨ।

ਰੱਬ ਨੂੰ ਵਿਸਾਰ ਕੇ ਨਿਰੀ ਖ਼ਲਕਤ ਦੀ ਸੇਵਾ ਦਾ ਨਿਸ਼ਾਨਾ ਆਖ਼ਰ ਇਸ ਅਧੋਗਤੀ ਤੇ ਲੈ ਅਪੜਦਾ ਹੈ। ਇਹ ਹਾਲਤ ਹੋਵੇ ਭੀ ਕਿਉਂ ਨਾ ? ਬੱਘੀ ਦੇ ਪਹੀਏ ਦੇ ਆਰਿਆਂ ਵਲ ਵੇਖੋ। ਜਿਉਂ ਜਿਉਂ ਉਹ ਆਰੇ ਧੁਰੇ ਤੋਂ ਦੂਰ ਜਾਂਦੇ ਹਨ, ਤਿਉਂ ਤਿਉਂ ਉਹਨਾਂ ਦੀ ਆਪੋ-ਵਿਚ ਦੀ ਵਿਥ ਵੀ ਵਧਦੀ ਜਾਂਦੀ ਹੈ।

---

(ਸਫ਼ਾ ੧੩ ਦੀ ਬਾਕੀ)

ਸੰਜਮ ਰਹੈ ਨ ਖਾਇ ਪੱਥ ਖਟਾ ਮਿਠਾ ਸਾਉ ਚਖੰਦਾ ॥
ਦੋਸ ਨ ਦਾਰੂ ਵੈਦ ਨੋਂ ਵਿਣ ਸੰਜਮ ਨਿਤ ਰੋਗ ਵਧੰਦਾ ॥
ਕਪਟ ਸਨੇਹੀ ਹੋਇ ਕੈ ਸਾਧ ਸੰਗਤਿ ਵਿਚ ਆਇ ਬਹੰਦਾ ॥
ਦੁਰਮਤਿ ਦੂਜੈ ਭਾਇ ਪਚੰਦਾ ॥੧੩॥

ਇਸ ਪਉੜੀ ਨੂੰ ਲਿਖਾ ਕੇ ਡਾਕਟਰ ਜੀ ਨੇ ਲਿਖਤ ਨੂੰ ਆਪਣੇ ਹੱਥ ਚਿ ਲੈ ਕੇ ਫਿਰ ਪੜ੍ਹਿਆ ਅਤੇ ਜਿਥੇ ਕਿਤੇ ਲਗਾਂ ਮਾਤਰਾਂ ਲੱਗਣ ਵਾਲੀਆਂ ਸਨ, ਲਾਈਆਂ ਅਤੇ ਬਿਲਕੁਲ ਸ਼ੁਧ ਕਰਕੇ ਕਹਿਣ ਲੱਗੇ, "ਭਾਈ ਸਾਹਿਬ ਜੀ, ਗੁਰਬਾਣੀ ਦਾ ਸ਼ੁਧ ਲਿਖਣਾ ਅਤੇ ਸ਼ੁਧ ਉਚਾਰਣਾ ਹਰ ਗੁਰਸਿਖ ਲਈ ਬਹੁਤ ਲਾਜ਼ਮੀ ਹੈ। ਜਿਹੜਾ ਗੁਰਸਿਖ ਗੁਰਬਾਣੀ ਦਾ ਸ਼ੁਧ ਪਾਠ ਕਰਦਾ ਹੈ, ਗੁਰੂ ਸਾਹਿਬ ਦੀਆਂ ਬੇਅੰਤ ਖੁਸ਼ੀਆਂ ਮਾਣਦਾ ਹੈ।" ਇਸ ਪਉੜੀ ਦੇ ਭਾਵ-ਅਰਥ ਨੂੰ ਸਮਝ ਕੇ ਭਾਈ ਪ੍ਰੀਤਮ ਸਿੰਘ ਜੀ ਨੇ ਡਾਕਟਰ ਜੀ ਦੀ ਦੱਸੀ ਹੋਈ ਦਵਾਈ ਨੂੰ ਪੂਰੇ ਸੰਜਮ ਨਾਲ ਵਰਤਿਆ ਅਤੇ ਰੋਗ ਤੋਂ ਛੁਟਕਾਰਾ ਪਾਇਆ। ਡਾਕਟਰ ਜੀ ਆਪ ਹੀ ਕਿਹਾ ਕਰਦੇ ਸਨ ਕਿ ਹਰ ਔਖਧੀ ਲਈ ਸੰਜਮ ਜ਼ਰੂਰੀ ਹੈ।

ਡਾਕਟਰ ਜੀ ਸਹੀ ਅਰਥਾਂ ਵਿਚ ਡਾਕਟਰ ਸਨ ਅਤੇ ਉਹ ਸਰੀਰਕ, ਮਾਨਸਿਕ ਅਤੇ ਆਤਮਕ ਰੋਗਾਂ ਦੇ ਜਾਣੂ ਪਛਾਣੂ ਸਨ। ਦੂਰੋਂ ਹੀ ਦੇਖ ਕੇ ਪਹਿਚਾਣ ਜਾਂਦੇ ਸਨ ਕਿ ਕਿਸੇ ਵਿਚ ਕੀ ਨੁਕਸ ਹੈ। ਹਰੇਕ ਤੇ ਪਰਉਪਕਾਰ ਹੀ ਕਰਦੇ ਸਨ। ਜੇ ਕਿਸੇ ਨੂੰ ਝਿੜਕ ਵੀ ਮਾਰਦੇ ਤਾਂ ਉਹਦਾ ਹੱਦੋਂ ਵਧ ਭਲਾ ਕਰ ਦਿੰਦੇ। ਝਿੜਕਣਾ ਇਸ ਕਰਕੇ ਕਿ ਕਿਤੇ ਕੋਈ ਉਹਨਾਂ ਤੇ ਪੂਰਨ ਸ਼ਰਧਾ ਹੀ ਨਾ ਟਿਕਾਈ ਬੈਠੇ। ਆਪਣੀ ਪੂਰਨ ਖਿੜੀ ਹੋਈ ਗੁਲਜ਼ਾਰ ਨੂੰ ਛੁਪਾ ਕੇ ਰੱਖਣ ਵਿਚ ਹੀ ਉਹ ਰਹਿਮਤ ਸਮਝਦੇ ਸਨ। (ਚਲਦਾ)



www.AKJ.Org

# ਸਿੰਘਾਂ ਦੀਆਂ ਸ਼ਹੀਦੀਆਂ

ਗਿਆਨੀ ਦਿਤ ਸਿੰਘ ਜੀ ਦੀ ਇਹ ਕਵਿਤਾ ਅਜ ਤੋਂ ਸੌ ਸਾਲ ਪਹਿਲੇਂ ਦੀ ਹੈ। ਇਸ ਦੀ ਪੰਜਾਬੀ ਬੋਲੀ ਸੌ ਸਾਲ ਪਹਿਲਾਂ ਦੀ ਹੋਣ ਕਰਕੇ ਇਹ ਖ਼ਾਸ ਮਹਾਨਤਾ ਰਖਦੀ ਹੈ। ਗਿਆਨੀ ਜੀ ਦਸਦੇ ਹਨ ਕਿ ਇਸ ਤੀਸਰੇ ਮਜ਼ਹਬ "ਖਾਲਸਾ ਪੰਥ" ਨੂੰ ਸੰਸਾਰ ਵਿਚ ਫੈਲਣ ਤੋਂ ਰੋਕਣ ਲਈ ਮੁਗਲਾਂ ਨੇ ਆਪਣੀ ਅੱਡੀ ਚੋਟੀ ਦਾ ਟਿੱਲ ਲਾ ਦਿੱਤਾ, ਪਰ ਉਹ ਸਿੱਖਾਂ ਦੇ ਸਿਦਕ ਨੂੰ ਰਤਾ ਭਰ ਵੀ ਡੁਲਾ ਨਾ ਸਕੇ। ਖ਼ਾਲਸਈ ਸਪਿਰਿਟ ਨਿਤ ਚੜ੍ਹਦੀਆਂ ਕਲਾ ਵਿਚ ਹੀ ਜਾਂਦੀ ਰਹੀ।

"ਸ਼ਹੀਦੀਆਂ" ਪੁਸਤਕ ਗਿਆਨੀ ਦਿਤ ਸਿੰਘ ਜੀ ਦੀ ਅਮੋਲਕ ਰਚਨਾ ਜਾਣ ਕੇ ਭਾਸ਼ਾ ਵਿਭਾਗ ਪੰਜਾਬ ਨੇ ਛਪਵਾਈ ਹੈ। ਉਸ ਦੇ ਬ੍ਰਿਤਾਂਤ "ਸਿਖ ਬੱਚੇ ਦੀ ਸ਼ਹੀਦੀ" ਦੇ ਪਹਿਲੇ ੪੮ ਬੰਦ ਨਮੂਨੇ ਦੇ ਤੌਰ ਤੇ ਅਸੀਂ ਹੇਠਾਂ ਦੇ ਰਹੇ ਹਾਂ। ਬੰਦਾ ਬਹਾਦਰ ਤੇ ਉਸ ਦੇ ਸਾਢੇ ਸਤ ਸੌ ਕੁ ਸਾਥੀ, ਜੋ ਦਿਲੀ ਵਿਚ ਫੜ ਕੇ ਲਿਆਂਦੇ ਗਏ ਸਨ, ਉਨ੍ਹਾਂ ਦੀਆਂ ਸ਼ਹੀਦੀਆਂ ਦਾ ਜ਼ਿਕਰ ਇਸ ਕਵਿਤਾ ਵਿਚ ਹੈ।

## [ਵਲੋਂ–ਗਿਆਨੀ ਦਿਤ ਸਿੰਘ ਜੀ]

ਜਦ ਇਸੇ ਦੇਸ਼ ਪੰਜਾਬ ਵਿਚ, ਸਨ ਸਿੰਘ ਵਡੇ ਬਲ ਕਰਦੇ। ਕਈ ਸੈਆਂ ਨੂੰ ਮਾਰ ਜੰਗ ਵਿਚ ਹੋ ਸਨਮੁਖ ਸਨ ਮਰਦੇ॥
ਓਟ ਗੁਰੂ ਦੀ ਮਨ ਵਿਚ ਰਖਣ, ਜੀਵਨ-ਆਸ ਤਜਾਈ। ਸ਼ਾਹੀ ਜ਼ੁਲਮ-ਅੰਧੇਰੀ ਤਾਈਂ ਚਾਹੁਨ ਆਪ ਹਟਾਈ॥੧॥

ਦੇਖ ਦੇਖ ਕਰ ਬਲ ਸਿੰਘਾਂ ਦੇ ਅਤੇ ਧਰਮ ਪਰ ਪੱਕੇ। ਆਪਸ ਅੰਦਰ ਬਣੇ ਦੇਖਦੇ ਸਭ ਨੂੰ ਭਾਈ ਸੱਕੇ॥
ਜਗ੍ਹਾ ਜਗ੍ਹਾ ਪਰ ਅੰਮ੍ਰਿਤ ਦਾ, ਤਦ ਚਰਚਾ ਹੋਇਆ ਭਾਰੀ। ਕਈ ਹਜ਼ਾਰਾਂ ਸਿੰਘ ਸਿੰਘਣੀ, ਸਜਦੇ ਪੁਰਖਾ ਨਾਰੀ॥੨॥

ਜਦ ਇਹ ਜ਼ੋਰ ਪਕੜਦੇ ਦੇਖੇ ਹਿੰਦੂ ਮੁਸਲਮਾਨਾਂ। ਦੁਖੀ ਹੋਇ ਤਦ ਸਭ ਨੇ ਕੀਤਾ, ਮਨ ਵਿਚ ਏ ਬਹਾਨਾ॥
ਕਿਸੇ ਤਰ੍ਹਾਂ ਇਹ ਮਜ਼੍ਹਬ ਤੀਸਰਾ, ਫੈਲ ਨ ਜਗ ਵਿਚ ਜਾਏ। ਜੋ ਹੋ ਕੇ ਇਕ ਜਥਾ ਭਾਰੀ, ਸਾਨੂੰ ਹੀ ਖਾ ਜਾਏ॥੩॥

ਤਾਂ ਤੇ ਇਸ ਦਾ ਖੋਜ ਮਿਟਾਣਾ, ਚਾਹੀਏ ਕਿਸੇ ਬਹਾਨੇਂ। ਜੇ ਕੁਛ ਕਾਲ ਰਿਹਾ ਇਹ ਵਧਦਾ, ਤਾਂ ਨਾ ਅਸਾਂ ਟਿਕਾਨੇ॥
ਜਿਸ ਪਰ ਫ਼ੱਰੁਖ਼ਸੀਅਰ ਆਗੇ ਜਾ ਕਰ ਹਾਲ ਸੁਣਾਇਆ, "ਕਿਆ ਤੂੰ ਸੁੱਤਾ ਬਾਦਸ਼ਾਹਿ! ਤੈਨੂੰ ਨਜ਼ਰ ਨ ਆਇਆ॥੪॥

ਤੇਰਾ ਦੁਸ਼ਮਨ ਪੰਥ ਖਾਲਸਾ, ਜਗ ਵਿਚ ਪ੍ਰਗਟ ਹੋਇਆ। ਦੇਖ ਜਿਨ੍ਹਾਂ ਨੇ ਪਹਿਲੇ ਕੀ ਕੀ, ਨਾ ਸੁਖ ਸ਼ਾਹੀ ਖੋਇਆ॥
ਤਾਂ ਤੇ ਸਾਵਧਾਨ ਹੋ ਕਰੀਏ, ਇਨ ਕਾ ਕੋਈ ਚਾਰਾ। ਨਹੀਂ ਪੰਜਾਬ ਤੁਧ ਦੇ ਹੱਥੋਂ ਖੋਸ ਲੈਨ ਇਹ ਸਾਰਾ॥੫॥

ਜੰਮਦਾ ਰੁਖ ਨਾਲ ਇਕ ਤੀਲੇ ਐਵੇਂ ਪੱਟ ਵਗਾਈਏ। ਜੇ ਵਧ ਜਾਇ ਕੁਹਾੜੇ ਲੈ ਕੇ ਮੁਸ਼ਕਲ ਮੂਲ ਗਵਾਈਏ॥
ਤਾਂ ਤੇ ਰਾਜਨੀਤ ਦੀ ਬਾਤਾਂ ਜ਼ਰਾ ਆਪ ਹੀ ਸੋਚੋ। ਕੋਈ ਦਿਨ ਜੇ ਸੁਖ ਸੋਂ ਜਗ ਪਰ ਰਾਜ ਕਰਨ ਮਨ ਲੋਚੋ" ॥੬॥

ਇਤਨਾ ਸੁਣ ਕੇ ਬਾਦਸ਼ਾਹਿ ਦੇ ਤਮਕ ਲਗੀ ਮਨ ਭਾਰੀ। ਸੁੱਤੇ ਸ਼ੇਰ ਵਾਂਗ ਉਠ ਬੇਠਾ ਲਗਾ ਕਰਨ ਤਿਆਰੀ॥
ਦਿਤਾ ਹੁਕਮ ਬੁਲਾ ਕੇ ਉਸ ਨੇ ਆਪਣੇ ਮੀਰ ਵਜ਼ੀਰਾਂ, "ਸਿੰਘ ਪੰਥ ਦਾ ਇਕ ਇਕ ਫੜ ਕੇ ਨਾਲ ਮੁਕਾਓ ਤੀਰਾਂ॥੭॥

ਧਰਤੀ ਉਤੇ ਖੋਜ ਉਨ੍ਹਾਂ ਦਾ, ਇਕ ਵੇਰ ਮਿਟ ਜਾਏ। ਦੇਖ਼ਣ ਨੂੰ ਭੀ ਸਿਖ ਨਾਮ ਦਾ, ਕੋਈ ਰਹਿਣ ਨ ਪਾਏ॥
ਜਿਥੇ ਜਿਥੇ ਨਗਰ ਉਨ੍ਹਾਂ ਦੇ ਅਰ ਜੋ ਹੋਣ ਟਿਕਾਣੇ। ਢੂੰਢ ਭਾਲ ਕੇ ਪਕੜ ਲਵੋ, ਨਾ ਪਾਵਣ ਓਥੋਂ ਜਾਣੇ" ॥੮॥



www.AKJ.Org

ਇਤਨਾ ਸੁਣ ਕੇ ਹੁਕਮ ਸ਼ਾਹ ਦਾ, ਚੜ੍ਹ ਪਏ ਤੁਰਕ ਅਪਾਰੇ। ਸਾਜ ਸਾਜ ਕੇ ਦਲ ਵਡ ਭਾਰੇ, ਪਹਿਰ ਸੰਜੋ ਹਥਿਆਰੇ।
ਇੱਕ ਇੱਕ ਹਾਕਮ ਦੇ ਸੰਗੇ, ਭਏ ਹਜ਼ਾਰਾਂ ਜਥੇ। ਲਹੂ ਨੈਨ ਭਰੇ ਸਨ ਸਭ ਦੇ, ਖ਼ੂਨ ਟਪਕਦਾ ਮਥੇ ॥੯॥

ਮਨ ਵਿਚ ਸਭਨਾਂ ਠਾਨ ਲਈ ਇਹ,ਇਕ ਵੇਰੀ ਫੜ ਮਾਰੋ। ਛਡੋ ਮੂਲ ਨਿਸ਼ਾਨ ਨਾ ਇਨ ਕਾ,ਚੁਣ ਚੁਣ ਪਕੜ ਉਖਾਰੋ।
ਔਰ ਉਨ੍ਹਾਂ ਨੂੰ ਫ਼ਤੇ ਪਾਇ ਕਰ,ਲਵੋ ਇਨਾਮ ਸਵਾਇਆ। ਉਹ ਯਸ਼ ਸਾਡੇ ਹਿਸੇ ਆਵੇ, ਜੋ ਨ ਕਿਨਹੂ ਪਾਇਆ ॥੧੦॥

ਚਾਰੇ ਪਾਸੇ ਏਸ ਦੇਸ਼ ਦੇ ਚੜ੍ਹੀ ਫ਼ੌਜ ਕਰ ਧਾਈ। ਟਿੱਡੀ ਦਲ ਸਮ ਧਰਤੀ ਉਪਰ ਚਾਰ ਚੁਫੇਰੇ ਛਾਈ।
ਤੋਪ ਬੰਦੂਕ ਬਰਛੀਆਂ ਤੇਗਾਂ, ਅਰ ਪੁਨ ਤੀਰ ਕਟਾਰੇ। ਪਹਰ ਬਹਾਦਰ ਚੜ੍ਹੇ ਰੁਹੇਲੇ, ਕੰਬੇ ਪਰਬਤ ਭਾਰੇ ॥੧੧॥

ਜਗ੍ਹਾ ਜਗ੍ਹਾ ਪਰ ਡੌਂਡੀ ਪਿਟੀ, ਸਭ ਰਈਯਤ ਨੂੰ ਦਸਿਆ, "ਪਕੜ ਹਵਾਲੇ ਕਰੋ ਅਸਾਂ ਦੇ, ਮਿਲੇ ਸਿਖ ਜੋ ਨਸਿਆ ॥
ਘਰ ਅਰ ਸ਼ਹਿਰ ਹੋਇ ਜਿਸ ਜਗ੍ਹਾ,ਯਾ ਤੁਰਦਾ ਤੇ ਫਿਰਦਾ। ਪਕੜ ਲਿਆਵੋ ਪਾਸ ਅਸਾਡੇ, ਘੇਰੋ ਇਹਦਾ ਗਿਰਦਾ॥੧੨॥

ਹੁਕਮ ਬਾਦਸ਼ਾਹ ਦਾ ਐਸਾ, ਕਰੋ ਡਰੋ ਨਹਿ ਰਾਈ। ਮੂਲ ਮੁਕਾਵਣ ਕਾਰਨ ਸਿੰਘਾਂ, ਹਜ਼ਰਤ ਹੈ ਫ਼ਰਮਾਈ ॥
ਫ਼ਰੁਖਸ਼ੀਅਰ ਸ਼ਾਹੀ ਜੋ ਹੈ, ਆਇਆ ਇਹ ਜ਼ਮਾਨਾ। ਏਸ ਸਮੇਂ ਇਨ ਕਾ ਇਸ ਜਗ ਮਹਿ ਰਹਿਸੀ ਕਹਾਂ ਟਿਕਾਨਾ ॥੧੩॥

ਜੋ ਇਸ ਕੰਮ ਵਿਚ ਅਸਾਂ ਨੂੰ ਦੇਵੇ ਮਦਦ ਸਾਰੀ। ਸੱਦ ਉਸ ਤਾਈਂ ਖਿਲਤ ਬੁਲਾ ਕੇ, ਬਾਦਸ਼ਾਹ ਦੇ ਭਾਰੀ ॥
ਹੋਰ ਇਨਾਮ ਮਿਲਣਗੇ ਭਾਰੇ, ਜੋ ਆ ਹੱਥ ਦਿਖਾਊ। ਮਾਰੇ ਯਾ ਜ਼ਿੰਦੇ ਨੂੰ ਫੜ ਕੇ, ਪਾਸ ਅਸਾਡੇ ਲਿਆਊ" ॥੧੪॥

ਸੁਣ ਕੇ ਹੁਕਮ ਬਾਦਸ਼ਾਹ ਕੇਰਾ, ਅਰ ਮਨ ਲੋਭ ਸਤਾਏ। ਕਿਤਨੇ ਹਿੰਦੂ ਮੁਸਲਮਾਨ ਮਿਲ, ਢੂੰਡਣ ਨੂੰ ਉਠ ਧਾਏ।
ਵਿਚ ਉਜਾੜਾਂ ਫਿਰਨ ਭਾਲਦੇ, ਜਿਵੇਂ ਸ਼ਿਕਾਰ ਸ਼ਿਕਾਰੀ। ਆਖਣ ਰੋਜ਼ੀ ਇਨ ਕੇ ਬਦਲੇ ਖੋਲ੍ਹੀ ਰੱਬ ਹਮਾਰੀ ॥੧੫॥

ਏਧਰ ਸਿੰਘਾਂ ਖ਼ਬਰ ਪਾਇ ਕੇ ਹੱਥ ਜਾਨ ਤੇ ਧੋਤੇ। ਲੈ ਕੇ ਬਾਲ ਬੱਚੇ ਸਭ ਆਪਣੇ, ਜੂਹੋਂ ਉਠ ਖਲੋਤੇ ॥
ਜਿਥੋਂ ਤੀਕਰ ਸਾਂਭ ਸਕੇ ਉਹ, ਅਪਣਾ ਡੰਡਾ ਡੇਰਾ। ਉਤਨਾ ਲੈ ਕੇ ਨੱਸ ਗਏ, ਨਾ ਮੁੜ ਕੇ ਪਾਇਆ ਫੇਰਾ ॥੧੬॥

ਛੋਟੇ ਛੋਟੇ ਬਾਲ ਇਆਣੇ, ਅਰ ਨਾਰਾਂ ਜੋ ਸੰਗੇ। ਬੁੱਢੇ ਮਾਇ ਬਾਪ ਭੀ ਲੀਤੇ, ਮਰਦੇ ਭੁੱਖੇ ਨੰਗੇ ॥
ਨਗਰੀ ਦੇਖਦਿਆਂ ਡਰ ਜਾਂਦੇ, ਮਤ ਕੋਈ ਫੜ ਲੇਵੇ। ਪਾਣੀ ਭੀ ਪੀਵਣ ਦੇ ਕਾਰਨ, ਓਸ ਸਮੇਂ ਨ ਦੇਵੇ ॥੧੭॥

ਝਾੜੋ ਝਾੜ ਹੋ ਗਿਆ ਵੈਰੀ, ਸਭ ਮਾਰਨ ਨੂੰ ਧਾਏ। ਇਕ ਅਕਾਲ ਗੁਰੂ ਦੇ ਬਾਝੋਂ, ਕੋਇ ਨ ਜਾਨ ਬਚਾਏ ॥
ਖਾਣ ਦਰੱਖ਼ਤਾਂ ਦੇ ਚੁਣ ਪੱਤੇ, ਕੱਚੇ ਹੀ ਫਲ ਤੋੜੇ। ਪੀਂਝੂ ਬੇਰ ਸੂੰਘਰਾ ਖਾ ਕੇ, ਗੁਰ ਅੱਗੇ ਕਰ ਜੋੜੇ ॥੧੮॥

ਸੰਗੀ ਸਾਥੀ ਸਭੇ ਗਏ ਛਿਪ, ਆਪਣੀ ਆਪਣੀ ਹੋਈ। ਦੂਜੇ ਦੀ ਰਖਯਾ ਦੇ ਕਾਰਨ, ਯਤਨ ਨ ਕਰਦਾ ਕੋਈ ॥
ਜੰਗਲ ਦੇ ਵਿਚ ਦਿਨ ਨੂੰ ਰਹਿ ਕੇ,ਕਟਣ ਵਕਤ ਵਿਚਾਰੇ ਰਾਤ ਪਈ ਤੁਰ ਅਗੇ ਜਾਂਦੇ, ਸਿਰ ਪਰ ਦੁਖ ਸਹਾਰੇ ॥੧੯॥

ਇਸੇ ਤਰ੍ਹਾਂ ਲੁਕ ਛਿਪ ਕਰ ਕਿਤਨੇ, ਪਹੁੰਚੇ ਨਦੀ ਕਿਨਾਰੇ। ਜੰਗਲ ਵਿਚ ਬਣਾ ਕੇ ਟੋਏ, ਆਪਣੇ ਦਿਵਸ ਗੁਜ਼ਾਰੇ ॥
ਕਿਤਨੇ ਵਿਚ ਪਹਾੜੀਂ ਪਹੁੰਚੇ, ਧੱਸੇ ਕੰਦਰਾਂ ਮਾਹੀਂ। ਸ਼ੇਰਾਂ ਵਾਂਗ ਪਏ ਜਾ ਓਥੇ, ਕੋ ਦਿਨ ਜਾਨੇ ਨਾਹੀਂ ॥੨੦॥

ਇਸੇ ਤਰ੍ਹਾਂ ਜਦ ਸਿੰਘਾਂ ਉਪਰ ਆਏ ਪਏ ਦਿਨ ਔਖੇ। ਨੱਸ ਗਏ ਸਭ ਜਾਨਾਂ ਲੈ ਕੇ ਅਪਨੀ ਔਖੇ ਸੌਖੇ ॥
ਅਰ ਫਿਰ ਕਈ ਹਜ਼ਾਰਾਂ ਜੋ ਸਨ ਹੱਥ ਤੁਰਕਾਂ ਦੇ ਆਏ। ਪਕੜ ਪਕੜ ਕਰ ਜ਼ਿੰਦੇ ਤਿਨ ਨੇ,ਹਾਕਮ ਪਾਸ ਪੁਚਾਏ ॥੨੧॥

ਕਈ ਮਰੇ ਵਿਚ ਯੁੱਧ ਕ੍ਰੁੱਧ ਦੇ, ਹਾਥ ਜਾਨ ਤੇ ਧੋ ਕੇ। ਚੰਗੇ ਹੱਥ ਦਿਖਾਏ ਤਿਨ੍ਹਾਂ ਨੇ, ਤੁਰਕਾਂ ਸਨਮੁਖ ਹੋ ਕੇ ॥
ਗਏ ਬਜਾਏ ਨਿਸ਼ਾਨ ਸੁਰਗ ਨੂੰ, ਸਭ ਕਲੰਕ ਧਰ ਡਾਰੇ। ਕੀਤੇ ਪ੍ਰਣ ਜਿਨ੍ਹਾਂ ਨੇ ਆਪਣੇ,ਰੰਚਕ ਨਾਹਿ ਵਿਸਾਰੇ ॥੨੨॥

ਕਿਤਨੇ ਫੜ ਕਰ ਕਤਲ ਕਰੇ ਸਨ, ਤੁਰਕਾਂ ਨੇ ਉਸ ਵੇਲੇ। ਚਾੜ੍ਹ ਚਰਖੀਆਂ ਸੀਸ ਉਤਾਰੇ, ਜਿਉਂ ਚੱਕਰ ਤੇ ਕੇਲੇ ॥
ਫਿਰ ਕਿਤਨਿਆਂ ਲੈ ਬੰਨ੍ਹ ਕੈਦ ਮਹਿ,ਗਏ ਬਾਦਸ਼ਾਹ ਅੱਗੇ। ਜਾ ਕੇ ਦਿਖਰਾਇ ਤਿਸ ਤਾਈਂ,ਲਿਆਂਦੇ ਕੇਹਰ ਵੱਗੇ॥੨੩॥



www.AKJ.Org

ਦੇਖ ਬਾਦਸ਼ਾਹ ਸਭ ਨੂੰ ਕਹਿੰਦਾ, "ਇਹ ਹਨ ਆਫ਼ਤ ਭਾਰੀ । ਲੈ ਜਾਵੋ ਇਨ ਬੰਦਸਾਲ ਮੈਂ, ਦੇਹ ਨਸੀਹਤ ਕਾਰੀ ॥
ਜੇਕਰ ਕਰਨ ਕਬੂਲ ਦੀਨ ਤਾਂ, ਬਖ਼ਸ਼ੋ ਕਲਮਾ ਦੇ ਕੇ । ਛਡ ਦੇਏਂਗੇ ਉਸ ਹੀ ਵੇਲੇ, ਕਸਮ ਇਨ੍ਹਾਂ ਤੋਂ ਲੈ ਕੇ ॥੨੪॥

ਜੇ ਨ ਮੰਨਣ ਏਹੁ ਆਖਿਆ ਤਾਂ ਪਗ ਸੰਗਲ ਪਾਓ । ਬੈਲਾਂ ਵਾਂਗਰ ਇਨ੍ਹਾਂ ਕੇ ਤਾਈਂ ਖਾਣੇ ਨੂੰ ਭੁਸ ਪਾਓ ॥
ਕਰੋ ਹਾਲ ਇਨ ਕਾ ਤਬ ਐਸਾ, ਲੈ ਕੇ ਹੁਕਮ ਸ਼ਿਤਾਬੀ । ਮਿਲਸੀ ਬਦਲਾ ਜਿਸ ਸੇ ਪੂਰਾ,ਕੀਤੀ ਇਨੋ ਖ਼ਰਾਬੀ" ॥੨੫॥

ਜਿਸ ਪਰ ਹੁਕਮ ਸੁਣਦਿਆਂ ਸਾਰੇ, ਵਿਚ ਕੈਦ ਦੇ ਪਾਏ । ਸਭਨਾਂ ਦੇ ਉਪਰ ਸਨ ਪਹਰੇ, ਨੰਗੀ ਤੇਗਾਂ ਲਾਏ ॥
ਪਰ ਉਹ ਉਸ ਪਰ ਭੀ ਮਨ ਅੰਦਰ, ਰੰਚਕ ਨ ਸੀ ਡਰਦੇ । ਨਾਮ ਗੁਰੂ ਦਾ ਲੈਸਨ ਬੈਠੇ, ਬਾਣੀ ਸਿਮਰਨ ਕਰਦੇ ॥੨੬॥

ਤਨ ਪਰ ਖੇਦ ਸਹਾਰਨ ਸਭੇ, ਮਨ ਸਤਿਗੁਰ ਦੀ ਓਰੇ । ਰੰਚਕ ਨਾ ਦਿਲ ਵਿਚ ਲਿਆਏ, ਜੋ ਸਨ ਤਿਨ੍ਹਾਂ ਨਿਹੋਰੇ ॥
ਪੈਰਾਂ ਦੇ ਸੰਗਲ ਤੇ ਬੇੜੀ ਸਨ, ਗਹਿਣੇ ਤਿਨ੍ਹਾਂ ਜੁ ਮਾਨੇ । ਨੰਗ ਭੁਖ ਨੂੰ ਰੱਜ ਕੱਜ ਉਹ, ਕਰਤੇ ਵਲੋਂ ਜਾਨੇ ॥੨੭॥

ਕਈ ਦਿਨਾਂ ਤਕ ਵਿਚ ਕੈਦ, ਤੇ ਰਹੇ ਭੁਜੰਗੀ ਭੁੱਖੇ । ਅੱਠੀਂ ਪਹਰੀਂ ਰੋਟੀ ਦੇ ਓਹ, ਦੇਂਦਾ ਟੁਕੜੇ ਰੁੱਖੇ ॥
ਨਹੀਂ ਪਿਆਸਿਆਂਪਾਣੀਮਿਲਦਾ,ਜਿਸ ਥੀ ਤਪਤਮਿਟਾਉਣ।ਵਿਚ ਪਿਆਸ ਜਿਨ੍ਹਾਂਮੁਖ ਸੁੱਕੇਚਿੜੀਆਂ ਜਿਉਂ ਕੁਰਲਾਣ।੨੮।

ਪਰ ਇਤਨੇ ਦੁਖ ਪਰ ਭੀ ਉਨ੍ਹਾਂ, ਸਿਦਕ ਨ ਅਪਣੇ ਹਾਰੇ । ਆਇ ਆਇ ਕੇ ਜਿਨ੍ਹਾਂ ਸਿਪਾਹੀ, ਦੇਂਦੇ ਦਬਕੇ ਭਾਰੇ ॥
ਆਖਣ, "ਕਾਹਨੂੰ ਜਾਨ ਗੁਵਾਵੋ, ਆਵੋ ਦੀਨ ਮਝਾਰੀ । ਜਿਸ ਪਰ ਬਾਦਸ਼ਾਹਿ ਨੂੰ ਕਹਿ ਕੇ ਬਖਸ਼ੇ ਜਾਨ ਤੁਮਾਰੀ ॥੨੯॥

ਸਖ਼ਤੇ ਨਾਲ ਬਰਾਬਰ ਕੋਈ, ਕਿਕਰ ਉਤਰ ਆਵੇ । ਥੋੜਾ ਕਰ ਇਨਕਾਰ ਮੁਖ ਪਰ, ਬੈਠਾ ਚੋਟਾਂ ਖਾਵੇ ॥
ਸਤੀਂ ਵੀਹੀਂ ਸੌ ਸਖ਼ਤੇ ਦਾ, ਸਾਰੇ ਲੋਗ ਬਤਾਉਣ । ਜੋ ਚਾਹੁਣ ਸੋ ਕਰਨ ਬਾਦਸ਼ਾਹ, ਤਿਨ ਕੋ ਕੌਣ ਹਟਾਵਣ" ॥੩੦॥

ਜਿਸ ਪਰ ਕਹਿਣ ਸਿੰਘ, "ਸੁਣ ਮੀਆਂ ! ਜਾਨ ਮਾਲ ਤੇ ਸਾਨੂੰ । ਧਰਮ ਪਿਆਰਾ ਲਗੇ, ਹਮਾਰਾ, ਸਾਚੀ ਕਹੇ ਤੁਸਾਨੂੰ ॥
ਜਾਨ੍ਹ ਗਏ ਪਤ ਮੂਲ ਨ ਜਾਂਦੀ, ਧਰਮ ਗਏ ਪਤ ਹਾਰੀ । ਤਾਂ ਤੇ ਤਲੀਏਂ ਸੀਸ ਟਿਕਾਏ, ਨਾ ਹਮ ਜਾਨ ਪਿਆਰੀ॥੩੧॥

ਇਹ ਤਾਂ ਬਾਦਸ਼ਾਹ ਹੈ ਝੂਠਾ, ਚਾਰ ਦਿਨਾਂ ਮਿਹਮਾਨੀ । ਆਖ਼ਰ ਕੂਚ ਜਗਤ ਤੇ ਕਰਸੀ ਲੈ ਕੇ ਸਾਥ ਹੈਰਾਨੀ ॥
ਪਰ ਉਹ ਪਾਤਸ਼ਾਹ ਜੋ ਸਾਡਾ, ਸਦਾ ਅਟਲ ਰਹੇਸੀ । ਮਾਲਕ ਦੀਨ ਦੁਨੀ ਦਾ ਭਾਰੀ, ਇਸ ਸਮ ਨਾ ਪਰਦੇਸੀ ॥੩੨॥

ਉਸਦੀ ਪੂਜਾ ਅਸੀਂ ਸਭੇ ਹਾਂ,ਜਿਸ ਨੇ ਜਗਤ ਬਣਾਇਆ।ਜਿਸ ਨੇ ਇਸ ਜ਼ਾਲਮ ਦੇ ਤਾਈਂ ਫੜਕੇ ਤਖ਼ਤ ਬਿਠਾਇਆ॥
ਫਿਰ ਇਸ ਤੇ ਕਿਆ ਡਰ ਹੈ ਸਾਨੂੰ,ਜੋ ਸਿਰ ਪਰ ਓਹ ਸਾਡੇ । ਓੜਕ ਜਾਇ ਅਗੇਰੇ ਹੋਸਨ,ਸਵਾਲ ਜਵਾਬ ਅਸਾਡੇ॥੩੩।

ਸਭ ਤੋਂ ਸਖ਼ਤਾ ਉਹ ਹੈ ਭਾਈ, ਜਿਸ ਦੀ ਤਾਕਤ ਅੱਗੇ । ਮੇਟਦਿਆਂ ਇਸ ਦੀ ਬਾਦਸ਼ਾਹੀ, ਇਕ ਪੱਲ ਮੂਲ ਨ ਲੱਗੇ ॥
ਉਸ ਡਾਢੇ ਦੇ ਅਸੀਂ ਦਾਸ ਹਾਂ, ਜਿਸ ਨੇ ਸਭ ਨੂੰ ਕੀਤਾ । ਬਾਦਸ਼ਾਹ ਤੇ ਕੀੜੀ ਤਾਈਂ, ਆਪਣੇ ਹੀ ਕਰ ਲੀਤਾ ॥੩੪॥

ਉਸ ਦੇ ਅਗੇ ਜ਼ੋਰ ਨ ਚੱਲੂ, ਜੋ ਹੈ ਐਥੇ ਕਰਦਾ । ਰੋਜ਼ ਕਿਆਮਤ ਤੇ ਇਹ ਪਾਪੀ, ਕਿਉਂ ਨਾਹੀਂ ਮਨ ਡਰਦਾ ।।
ਤਾਂ ਤੇ ਸਾਨੂੰ ਮੂਲ ਨਹੀਂ ਡਰ,ਓੜਕ ਫਤਹ ਹਮਾਰੀ । ਇਸ ਦੇ ਜ਼ੁਲਮ ਅੰਤ ਨੂੰ ਇਸ ਦੀ,ਕਰਨੀ ਬਹੁਤ ਖੁਆਰੀ"॥੩੫॥

ਜਦ ਇਹ ਬਚਨ ਖਾਲਸੇ ਕੀਤੇ, ਹੋ ਕੇ ਬਹੁਤ ਕਰਾਰੇ । ਬਾਦਸ਼ਾਹ ਦੇ ਪਾਸ ਜਾਇ ਕੇ, ਨਫਰਾਂ ਚਾਇ ਪੁਕਾਰੇ ॥
ਆਖੀ, "ਇਹ ਤਾਂ ਮੂਲ ਨ ਮੰਨਣ,ਅਗੋਂ ਕਰਨ ਲੜਾਈ । ਆਖਣ ਮਰਨੇ ਦੀ ਤਾਂ ਸਾਡੇ ਮਨ ਵਿਚ ਸ਼ੰਕ ਨ ਰਾਈ॥੩੬॥

ਤਾਂ ਤੇ ਜੋ ਹੈ ਹੁਕਮ ਹਜ਼ੂਰੀ, ਪੂਰੀ ਤਰ੍ਹਾਂ ਬਿਤਾਓ । ਆਪ ਆਇ ਕਰ ਸਭਨਾਂ ਤਾਈਂ ਬਹਿ ਕੇ ਤੇ ਸਮਝਾਓ ।"
ਜਿਸ ਪਰ ਬਾਦਸ਼ਾਹ ਉਸ ਵੇਲੇ,ਮਨ ਵਿਚ ਗੁੱਸਾ ਖਾਧਾ। ਆਇਆ ਤੁਰਤ ਤਦੋਂ ਉਸਜਾਗਾ,ਪੁਛਿਆ ਮੂਲ ਨ ਪਾਧਾ॥੩੭॥

ਦੇਖ ਕੈਦ ਵਿਚ ਬੈਠੇ ਸਾਰੇ, ਸ਼ੇਰ ਵਾਂਗ ਭਬਕਾਇਆ । ਉਚੇ ਬੋਲ ਤਿਨ੍ਹਾਂ ਦੇ ਤਾਈਂ, ਐਸਾ ਹੁਕਮ ਸੁਣਾਇਆ ।
"ਕਿਆ ਤੁਮ ਦੀਨ ਕਬੂਲਣ ਕੋਲੋਂ ਮੌਤ ਭਲੀ ਬਤਲਾਵੋ । ਛੋੜ ਬਹਿਸ਼ਤ ਹੋ ਮਨ ਰਾਜ਼ੀ, ਦੋਜ਼ਖ਼ ਦੇ ਵਿਚ ਜਾਵੋ ॥੩੮।



www.AKJ.Org

ਪਰ ਹੁਣ ਵੇਲਾ ਓੜਕ ਦਾ ਹੈ, ਜੋ ਕੁਛ ਚਾਹੋ ਲੀਜੈ। ਕੈ ਕਬੂਲ ਕਰ ਦੀਨ ਹਮਾਰਾ, ਯਾ ਸਿਰ ਹਮ ਕੋ ਦੀਜੈ।
ਦੋਨਾਂ ਵਿਚੋਂ ਇਕ ਬਾਤ ਹੈ, ਕਰਨੀ ਤੁਝੇ ਜ਼ਰੂਰੀ। ਹੁਕਮ ਬਾਦਸ਼ਾਹ ਅਤੇ ਸ਼ੇਰਾਂ ਦਾ ਖੋਹ ਦੇਊ ਮਗਰੂਰੀ" ॥੩੯॥

ਜਿਸ ਪਰ ਅਗੋਂ ਸਭੇ ਬੋਲੇ, "ਲੈ ਸਿਰ ਤੁਰਤ ਹਮਾਰੇ। ਗੁਰ ਪਰ ਐਸੇ ਸੀਸ ਹਜ਼ਾਰਾਂ ਅਸੀਂ ਕਰੇਂ ਬਲਿਹਾਰੇ।
ਜਾਨਾਂ ਅਸੀਂ ਜਾਣ ਤੇ ਡਰ ਕੇ, ਧਰਮ ਨਾ ਲਾਜ ਲਗਾਈਏ। ਜਿਸ ਤੇ ਹੱਸ ਕੇ ਤੁਧ ਦੇ ਅਗੇ, ਆਪਣੇ ਸਿਰ ਕਟਵਾਈਏ" ॥੪੦॥

ਸੁਣ ਕੇ ਕੋਪ ਭਯਾ ਮਨ ਉਸ ਦੇ ਦਿਤਾ ਹੁਕਮ ਸ਼ਿਤਾਬੀ, "ਏਸੇ ਵਕਤ ਕਰੋ ਫੜ ਇਨ ਕੀ ਜੈਸੀ ਬਨੇ ਖਰਾਬੀ।
ਇਕ ਇਕ ਦਾ ਨਿਤ ਬਿਠਾ ਕੇ, ਨਾਲ ਤੇਗ ਸਿਰ ਕਟੋ। ਇਨ ਕਾਫ਼ਰ ਬੇ-ਦੀਨਾਂ ਦੀ ਚਾ, ਧਰਤੀ ਥੋਂ ਜੜ੍ਹ ਪਟੋ" ॥੪੧॥

ਜਦ ਇਹ ਹੁਕਮ ਅੰਤ ਦਾ ਹੋਇਆ, ਤਦੋਂ ਜੱਲਾਦ ਕਤਾਰੇ। ਪੱਕੜ ਸਿਖਾਂ ਨੂੰ ਬਾਹਰ ਲਿਆਏ, ਬਕਰੇ ਵਾਂਗ ਨਿਕਾਰੇ।
ਦਿਤਾ ਚਾਇ ਬਿਠਾਇ ਧਰਾ ਪਰ, ਵਾਹਿਗੁਰੂ ਮੁਖ ਕਹਿੰਦਾ। ਜੋ ਕੁਛ ਬਣੀ ਮੁਸੀਬਤ ਉਸਨੂੰ ਬੈਠਾ ਸਿਰ ਪਰ ਸਹਿੰਦਾ॥੪੨॥

ਲਗਾ ਪਾਠ ਕਰਨ ਗੁਰਬਾਣੀ, ਹੋਰ ਨ ਮੁਖੋਂ ਅਲਾਵੇ। ਇਕ-ਮਨ ਹੋ ਕੇ ਅੰਤ ਸਮੇਂ ਵਿਚ, ਬੈਠਾ ਗੁਰੂ ਧਿਆਵੇ।
ਇਸੀ ਤਰ੍ਹਾਂ ਉਸ ਬੈਠੇ ਦਾ ਸਿਰ, ਨਾਲ ਤੇਗ ਦੇ ਕੱਟਿਆ। ਦੇਖੋ ਜ਼ੁਲਮ ਕਮਾ ਕੇ ਪਾਪੀ, ਆਪਣਾ ਬੂਟਾ ਪੱਟਿਆ ॥੪੩॥

ਤ੍ਰਾਹ ਤ੍ਰਾਹ ਸਭ ਜਗ ਵਿਚ ਹੋਈ, ਗਿਰਿਆ ਧਰ ਪਰ ਸੂਰਾ। ਮੁਖ ਦਾ ਕੌਲ ਆਪਣਾ ਜਿਸ ਨੇ, ਕੀਤਾ ਡਾਢਾ ਪੂਰਾ।
ਜਾਇ ਬਾਦਸ਼ਾਹ ਪਾਸ ਜਲਾਦਾਂ,ਸਾਰਾ ਹਾਲ ਸੁਣਾਇਆ, "ਕਾਫ਼ਰ ਇਕ ਹਜ਼ੂਰ ਹੁਕਮ ਲੈ,ਫੜਕੇ ਅਸਾਂ ਮੁਕਾਇਆ"॥੪੪॥

ਜਿਸ ਪਰ ਫ਼ਰੁੱਖ਼ਸ਼ੀਅਰ ਪਾਪੀ, ਜ਼ਰਾ ਨ ਮਨ ਵਿਚ ਡਰਿਆ। ਸਗੋਂ ਨਾਲ ਕਹਿਰ ਦੇ ਗੁੱਸੇ, ਸੀਨਾ ਪੱਥਰ ਕਰਿਆ।
ਆਖੀ, "ਨਿਤ ਇਕ ਨੂੰ* ਫੜ ਕੇ, ਮਾਰੋ ਉਸੇ ਜਾਗਾ। ਆਖੋ ਨਾ-ਫ਼ੁਰਮਾਨੀ ਦਾ ਹੈ, ਇਸ ਤਾਈਂ ਫਲ ਲਾਗਾ"॥੪੫॥

ਜਿਸ ਪਰ ਇਹੋ ਜੱਲਾਦਾਂ ਕੀਤਾ, ਨਿਤ ਸਵੇਰੇ ਆਉਣ। ਲੈ ਕੇ ਛੁਰੇ ਕਟਾਰੇ ਕੁੰਡੇ, ਜ਼ਾਲਮ ਸ਼ਕਲ ਬਣਾਉਣ।
ਇਕ ਸਿਖ ਚਾ ਬੰਦੀਖ਼ਾਨਿਉਂ, ਪਕੜ ਮਦਾਨ ਬਿਠਾਂਦੇ†। ਉਸ ਨੂੰ ਪਹਿਲੇ ਹੁਕਮ ਸ਼ਰ੍ਹਾ ਦੇ,ਕਹਿ ਕੇ ਉਚ ਸੁਣਾਂਦੇ ॥੪੬॥

ਜਦ ਉਹ ਮੰਨਣ ਤੇ ਇਨਕਾਰੀ, ਹੋ ਜਾਂਦਾ ਸੀ ਸੂਰਾ। ਤਦ ਹੀ ਨਾਲ ਗ਼ਜ਼ਬ ਦੇ ਆਵੇ, ਜਿਉਂ ਹੁੰਦਾ ਰਿੱਛ ਭੂਰਾ।
ਮਾਰੇ ਤੇਗ ਉਡਾਇ ਸਿਰ ਨੂੰ, ਲਹੂ ਚਲਣ ਫੁਹਾਰੇ। ਮਰਦੀ ਵੇਰ ਵਾਹਿਗੁਰੂ ਬਾਝੋਂ, ਹੋਰ ਨਾ ਸਿੰਘ ਉਚਾਰੇ ॥੪੭॥

ਇਸੇ ਤਰ੍ਹਾਂ ਜਦ ਕਈ ਦਿਹਾੜੇ, ਬੀਤ ਗਏ ਇਹ ਕਰਦੇ। ਤੁਰਕ ਨ ਡਰਦੇ ਮਾਰਨ ਕੋਲੋਂ, ਸਿੰਘ ਨ ਡਰਦੇ ਮਰਦੇ।
ਤਦ ਇਕ ਭਾਣਾ ਹੋਰ ਸੁਨੋ ਜੋ,ਕਿਆ ਉਸ ਵੇਲੇ ਹੋਇਆ।ਉਸ ਬੱਚੇ ਨੇ ਨਾਲ ਖੁਸ਼ੀ ਦੇ, ਆਪਣੇ ਤਨ ਨੂੰ ਖੋਹਿਆ॥੪੮॥

—"ਗਿਆਨੀ ਦਿਤ ਸਿੰਘ ਰਚਨਾਵਲੀ—ਸ਼ਹੀਦੀਆਂ" ਵਿਚੋਂ ਧੰਨਵਾਦ ਸਹਿਤ

---

*ਮੁਗ਼ਲਈ ਕਾਲ ਦੇ ਪ੍ਰਸਿਧ ਇਤਿਹਾਸਕਾਰ ਖ਼ਾਫ਼ੀ ਖ਼ਾਨ ਦੇ ਕਥਨ ਅਨੁਸਾਰ ਰੋਜ਼ਾਨਾ ਦੋ ਤਿੰਨ ਸੌ ਸਿਖ ਕੋਤਵਾਲੀ ਦੇ ਸਾਹਮਣੇ ਕਤਲ ਕਰਨ ਦਾ ਹੁਕਮ ਹੋਇਆ ਸੀ! (ਵੇਖੋ—ਮੁੰਤਖਿਬੁੱਲਬਾਬ, ਉਰਦੂ ਅਨੁਵਾਦ, ਹਿਸਾ ਚਹਾਰਮ, ਕਰਾਚੀ,੧੯੬੩, ਸਫ਼ਾ ੨੧੩।

† ਇਤਿਹਾਸਕਾਰ ਵਿਲੀਅਮ ਇਰਵਨ ਦੀ ਲਿਖਤ ਮੂਜਬ ਦਿਲੀ ਕੋਤਵਾਲੀ ਦੇ ਚਬੂਤਰੇ ਤੇ ਰੋਜ਼ਾਨਾ ਇਕ ਸੌ ਸਿਖ (ਇਕ ਹਫਤੇ ਤਕ) ਕਤਲ ਕੀਤਾ ਜਾਂਦਾ ਰਿਹਾ। ਇਹ ਕਤਲਾਮ ੧੪ ਮਾਰਚ ੧੭੧੬ ਤੋਂ ਸ਼ੁਰੂ ਹੋਈ ਸੀ।—ਦੇਖੋ The Later Mughals, Vol, I, Page 317.

(ਸੰਪਾਦਕ ਸ਼ਮਸ਼ੇਰ ਸਿੰਘ ਅਸ਼ੋਕ)



www.AKJ.Org

# 'ਇਕ ਦੂ ਜੀਭੌ ਲਖ ਹੋਹਿ'

[ਪ੍ਰੋਫੈਸਰ ਗੁਰਮੁਖ ਸਿੰਘ ਜੀ, ਗੌਰਮੈਂਟ ਕਾਲਜ, ਸੰਗਰੂਰ]

੭ ਦਸੰਬਰ ੧੯੮੧ ਦੇ ਸਪੋਕਸਮੈਨ ਵਿਚ ਇਕ ਲੇਖ ਛਪਿਆ ਸੀ। ਲੇਖ ਦਾ ਨਾਂ ਯਾਦ ਨਹੀਂ, ਪਰ ਉਸ ਦਾ ਲਿਖਾਰੀ ਚੰਗਾ ਅਭਿਆਸੀ ਜਾਪਦਾ ਹੈ। ਇਸ ਲੇਖ ਵਿਚ ਉਸਨੇ ਸ੍ਰੀ ਜਪੁਜੀ ਸਾਹਿਬ ਦੀ ਉਪਰੋਕਤ ਪਉੜੀ ਦੇ ਅਰਥ ਆਮ ਪਰਚਲਤ ਅਰਥਾਂ ਤੋਂ ਵਿਲੱਖਣ ਜਿਹੇ ਕੀਤੇ ਸਨ। ਉਦੋਂ ਤੋਂ ਮਨ ਵਿਚ ਵਿਚਾਰ ਚਲਦਾ ਰਿਹਾ। ਆਖ਼ਰ ਸਤਿਗੁਰੂ ਜੀ ਨੇ ਆਪ ਬਖਸ਼ਸ਼ ਕਰ ਕੇ ਸੋਧ ਬਖਸ਼ੀ। ਅਭਿਆਸੀ ਜੀ ਦੇ ਅਰਥਾਂ ਨਾਲ ਸਹਿਮਤੀ ਕਰਨ ਦਾ ਸੰਕੇਤ ਮਿਲਿਆ। ਜੀਅ ਕੀਤਾ, ਸੰਗਤਾਂ ਨਾਲ ਇਸ ਦੇ ਅਰਥ ਸਾਂਝੇ ਕੀਤੇ ਜਾਣ। ਸਤਿਗੁਰਾਂ ਦੀ ਬਾਣੀ ਅਗਮ ਅਗੋਚਰ ਦਾ ਵਰਨਣ ਕਰਦੀ ਹੈ, ਇਸ ਲਈ ਸਾਡੀ ਤੁਛ ਸੰਸਾਰਕ ਬੁਧੀ ਦੀ ਪਕੜ ਤੋਂ ਬਾਹਰ ਹੈ। ਪਰ ਫਿਰ ਭੀ ਸ਼ਰਧਾ-ਭਾਵਨੀ ਸਹਿਤ ਤਰਲਾ ਜ਼ਰੂਰ ਕਰਨਾ ਬਣਦਾ ਹੈ—

ਤੇਰੇ ਬਚਨ ਅਨੂਪ ਅਪਾਰ ਸੰਤਨ ਆਧਾਰ, ਬਾਣੀ ਬੀਚਾਰੀਐ ਜੀਉ ॥
ਸਿਮਰਤ ਸਾਸ ਗਿਰਾਸ ਪੂਰਨ ਬਿਸੁਆਸ, ਕਿਉ ਮਨਹੁ ਬਿਸਾਰੀਐ ਜੀਉ ॥੨॥
(ਸਿਰੀਰਾਗ ਛੰਤ ਮ: ੫, ਪੰਨਾ ੮੦)

ਪਉੜੀ ਇਸ ਪ੍ਰਕਾਰ ਹੈ :—

ਇਕ ਦੂ ਜੀਭੌ ਲਖ ਹੋਹਿ, ਲਖ ਹੋਵਹਿ ਲਖਵੀਸ ॥
ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ ॥
ਏਤੁ ਰਾਹਿ ਪਤਿ ਪਵੜੀਆ, ਚੜੀਐ ਹੋਇ ਇਕੀਸ ॥
ਸੁਣਿ ਗਲਾ ਆਕਾਸ ਕੀ, ਕੀਟਾ ਆਈ ਰੀਸ ॥
ਨਾਨਕ ਨਦਰੀ ਪਾਈਐ, ਕੂੜੀ ਕੂੜੈ ਠੀਸ ॥੩੨॥ [ਜਪੁਜੀ ਪੰਨਾ ੭]

ਪ੍ਰਚਲਤ ਭਾਵ-ਅਰਥ ਇਹ ਕੀਤੇ ਜਾਂਦੇ ਹਨ ਕਿ ਮਨੁਖ ਦੀ ਇਕ ਜੀਭ ਤੋਂ ਲੱਖਾਂ ਲੱਖਾਂ ਜੀਭਾਂ ਬਣ ਜਾਣ ਤੇ ਹਰ ਜੀਭ ਤੋਂ ਲੱਖ ਲੱਖ ਵਾਰ ਪ੍ਰਭੂ ਦਾ ਨਾਮ ਜਪਿਆ ਜਾਏ ਤਾਂ ਇਉਂ ਵਾਹਿਗੁਰੂ ਜੀ ਦੇ ਦਰਬਾਰ ਵਿਚ ਇੱਜ਼ਤ-ਮਾਣ ਮਿਲ ਜਾਂਦਾ, ਉਸ ਪ੍ਰਭੂ ਨਾਲ ਇਕ ਮਿਕ ਹੋ ਜਾਈਦਾ ਹੈ। ਪ੍ਰਭੂ-ਮਿਲਾਪ ਦੀ ਇਹ ਸੋਇ ਸੁਣ ਕੇ ਮਾਮੂਲੀ ਜੀਵਾਂ ਨੂੰ ਭੀ ਚਾਉ ਉਠਿਆ। ਸਾਹਿਬ ਫ਼ੁਰਮਾਉਂਦੇ ਹਨ ਕਿ ਕੂੜੇ ਮਨੁਖ ਦੀ ਗੱਪ ਭੀ ਕੂੜੀ ਹੁੰਦੀ ਹੈ।

ਪਉੜੀ ਦੀਆਂ ਅੰਤਲੀਆਂ ਦੋ ਪੰਗਤੀਆਂ ਵਿਚ **'ਕੂੜੈ'** ਅਤੇ 'ਕੂੜੀ ਠੀਸ' ਤੋਂ ਸ਼ਕ ਪੈਂਦਾ ਰਿਹਾ ਹੈ ਕਿ ਉਪਰ ਲੱਖ ਲੱਖ ਗੇੜਾ ਜਪਣ ਵਾਲੇ ਨੂੰ ਮਹਾਰਾਜ ਕੂੜਾ ਜਾਂ ਕੀਟ ਕਿਉਂ ਪਏ ਕਹਿੰਦੇ ਹਨ?

ਪਰ ਫਿਰ ਭੀ ਸਿਆਣੇ ਸਿਆਣੇ ਗੁਰੂ ਕੇ ਪ੍ਰੇਮੀਆਂ ਦੇ ਅਰਥਾਂ ਨੂੰ ਕਿਵੇਂ ਗਲਤ ਆਖੀਏ, ਜਿਤਨਾ ਚਿਰ ਆਪਣੇ ਪਾਸ ਗੁਰਬਾਣੀ ਦੇ ਆਧਾਰ ਤੇ, ਅਤੇ ਗੁਰਮਤਿ-ਆਸ਼ੇ ਅਨੁਸਾਰ ਕੁਝ ਵੀ ਨਾ ਹੋਵੇ।

ਉਸ ਅਭਿਆਸੀ ਨੇ ਲੇਖ ਬੜੇ ਨਾਟਕੀ ਢੰਗ ਨਾਲ ਪੇਸ਼ ਕੀਤਾ ਸੀ, ਜਿਸ ਦਾ ਸਾਰੰਸ਼ ਉਵੇਂ ਕਿਵੇਂ ਦੇਣ ਦਾ ਹੇਠਾਂ ਜਤਨ ਕੀਤਾ ਹੈ।

ਸਾਹਿਬਾਂ ਦੇ ਸਮਾਧੀ ਵਿਚ ਦੀਦਾਰ ਹੋਏ ਤੇ ਮੈਂ ਪੁਛਿਆ, ਹਜ਼ੂਰ, ਸ੍ਰੀ ਜਪੁਜੀ ਸਾਹਿਬ ਦੀ ੩੨ਵੀਂ ਪਉੜੀ ਦੇ ਅਰਥਾਂ ਬਾਰੇ ਮਨ ਵਿਚ ਸ਼ੰਕਾ ਹੈ। ਆਪ ਕਿਰਪਾ ਕਰ ਕੇ ਆਪਣੇ ਅਸਲੀ ਭਾਵ ਦਸਣ ਦੀ ਕਿਰਪਾਲਤਾ ਕਰੋ।

ਹਜ਼ੂਰ ਨੇ ਫੁਰਮਾਇਆ, ਅਸੀਂ ਆਪਣੀ ਸਮੁਚੀ ਬਾਣੀ ਵਿਚ ਇਕ ਵਿਧੀ ਅਪਣਾਈ ਹੈ। ਤੁਸੀਂ ਸ਼ਾਇਦ ਇਸ ਵਲ ਧਿਆਨ ਨਹੀਂ ਦਿਤਾ। ਅਸੀਂ ਜਿਸ ਕਿਸੇ ਮੱਤ ਬਾਰੇ ਕੁਝ ਲਿਖਦੇ ਹਾਂ, ਸਭ ਤੋਂ ਪਹਿਲਾਂ ਉਸ ਮੱਤ ਦੀ ਪ੍ਰਸਤਾਵਨਾ ਦਾ ਵਰਨਣ ਕਰਦੇ ਹਾਂ। ਮਿਸਾਲ ਵਜੋਂ ਸ੍ਰੀ ਜਪੁਜੀ ਸਾਹਿਬ ਦੀ ਸਤਵੀਂ ਪਉੜੀ "ਜੇ ਜੁਗ



www.AKJ.Org

ਚਾਰੇ ਆਰਜਾ, ਹੋਰ ਦਸੂਣੀ ਹੋਇ।" ਇਸ ਵਿਚ ਜੋਗੀਆਂ ਦੇ ਮੱਤ ਦੀ ਭੂਮਿਕਾ ਦਾ ਵਰਨਣ ਹੈ ਕਿ ਉਹ ਕਿਸ ਵਿਚਾਰ ਨਾਲ ਆਪਣੀ ਉਮਰ ਲੰਬੀ ਕਰਨੀ ਚਾਹੁੰਦੇ ਹਨ।

ਫਿਰ ਅਸੀਂ ਨਿਰੰਕਾਰ ਦੇ ਦਰਬਾਰ ਦੇ ਵਿਧਾਨ ਦੀ ਗੱਲ ਕਰਦੇ ਹਾਂ ਤਾਂਕਿ ਜਗਿਆਸੂ ਨੂੰ ਸਹੀ ਸੇਧ ਮਿਲ ਸਕੇ ਸਾਰੇ ਜੋਗੀਆਂ ਨੂੰ ਅਸੀਂ ਕਹਿ ਦਿਤਾ ਸੀ ਕਿ ਬੇਸ਼ਕ ਭਾਵੇਂ ਕੁਝ ਕਰੀ ਜਾਉ, ਪਰ ਜਿੰਨਾ ਚਿਰ ਪ੍ਰਭੂ ਦੀ ਨਦਰ ਨਹੀਂ ਹੁੰਦੀ, ਤੁਹਾਡੇ ਜਤਨ ਨਿਸਫਲ ਰਹਿਣਗੇ।

ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ ॥ (ਸ੍ਰੀ ਜਪੁਜੀ, ਪੰਨਾ ੨)

ਇਵੇਂ ਭਾਰਤੀ ਧਰਮ-ਚਿੰਤਕਾਂ ਦਾ ਇਕ ਵਰਗ ਹੈ ਜੋ ਇਹ ਧਾਰਨਾ ਬਣਾਈ ਬੈਠਾ ਹੈ ਕਿ "ਲਖ ਲਖ ਗੇੜੇ" ਦਾ ਜਾਪੁ ਕਰਵਾਇਆ ਜਾਏ। ਅਤੇ ਉਹਨਾਂ ਦੇ ਵਿਚਾਰ ਅਨੁਸਾਰ ਪ੍ਰਭੂ-ਪ੍ਰਾਪਤੀ ਦਾ ਇਹ ਸਭ ਤੋਂ ਸੁਖਾਲਾ ਰਸਤਾ ਹੈ। ਮੈਂ ਉਹਨਾਂ ਨੂੰ ਇਹ ਸਵਾਲ ਕੀਤਾ ਸੀ, 'ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ ? ਕੀ ਤੁਸੀਂ ਪ੍ਰਭੂ ਪ੍ਰੀਤਮ ਨੂੰ ਇਸ ਤਰ੍ਹਾਂ ਜਾਪ ਰਾਹੀਂ ਪ੍ਰਾਪਤ ਕਰ ਲਉਗੇ ? ਕਿਉਂਕਿ ਪ੍ਰਭੂ ਤਾਂ ਕਦੀ ਇਸ ਤਰ੍ਹਾਂ ਸੇਵਾ ਨਾਲ ਜਾਂ ਘਾਲ ਨਾਲ ਨਹੀਂ ਮਿਲਦਾ ਸਗੋਂ ਗੁਰੂ ਦੇ ਬਖਸ਼ੇ ਗੁਰ-ਮੰਤਰ ਦੀ ਕਮਾਈ ਨਾਲ ਅਤੇ ਉਸ ਦੀ ਮਿਹਰ-ਦਇਆ ਨਾਲ ਹੀ ਮਿਲ ਸਕਦਾ ਹੈ।

ਘਾਲ ਨ ਮਿਲਿਓ, ਸੇਵ ਨ ਮਿਲਿਓ, ਮਿਲਿਓ ਆਇ ਅਚਿੰਤਾ ॥
ਜਾ ਕਉ ਦਇਆ ਕਰੀ ਮੇਰੈ ਠਾਕੁਰਿ, ਤਿਨਿ ਗੁਰਹਿ ਕਮਾਨੋ ਮੰਤਾ ॥੩॥੭॥
(ਧਨਾਸਰੀ ਮ: ੫, ਪੰਨਾ ੬੭੨)

ਮੈਂ ਉਹਨਾਂ ਨੂੰ ਸਮਝਾਇਆ ਕਿ ਜੇ ਪ੍ਰਭੂ ਅਕਾਸ਼ ਜਿੰਨਾ ਉਚਾ ਹੈ ਤਾਂ ਭਲਾ ਜੇ ਕੀੜਾ ਅਕਾਸ਼ ਤੇ ਉਡਾਰੀ ਲਾਣ ਦੀ ਰੀਸ ਕਰੇ ਤਾਂ ਕੀ ਉਹ ਸਫਲ ਹੋ ਜਾਵੇਗਾ ? ਭਾਵ ਉਹ ਸਫਲ ਨਹੀਂ ਹੋ ਸਕਦਾ, ਕਦੀ ਵੀ ਸਫਲ ਨਹੀਂ ਹੋ ਸਕਦਾ। ਗਿਣਤੀ ਦੇ ਜਾਪ ਨਾਲ ਪ੍ਰਭੂ-ਪ੍ਰੀਤਮ ਵਸ ਨਹੀਂ ਆਉਂਦਾ, ਉਹ ਤਾਂ ਕੇਵਲ ਆਪਣੀ ਨਦਰ ਨਾਲ ਹੀ ਨਿਹਾਲ ਕਰਦਾ ਹੈ। ਜਿਸ ਉਤੇ ਮਿਹਰ ਬਖਸ਼ਸ਼ ਕਰ ਦੇਵੇ, ਉਸ ਦਾ ਬੇੜਾ ਪਾਰ ਹੋ ਜਾਂਦਾ ਹੈ।

ਜਿਸਨੋ ਬਖਸੇ ਸਿਫਤਿ ਸਾਲਾਹ ॥ ਨਾਨਕ ਪਾਤਿਸਾਹੀ ਪਾਤਿਸਾਹੁ ॥ (ਜਪੁਜੀ—ਪੰਨਾ ੫)

ਬਥੇਰੇ ਹਨ, ਜੋ ਵੇਦ ਪਾਠਾਂ ਤੇ ਜ਼ੋਰ ਦਿੰਦੇ ਹਨ, ਕਈ ਤੀਰਥਾਂ ਅਤੇ ਦਾਨ ਪੁੰਨ ਨੂੰ ਰੱਬ ਦੀ ਮਿਹਰ ਦਾ ਸਾਧਨ ਮੰਨਦੇ ਹਨ। ਕਈ ਗਿਆਨ-ਪ੍ਰਾਪਤੀ ਨੂੰ ਸਾਧਨ ਮੰਨਦੇ ਹਨ। ਪਰ ਗੱਲ ਮਿਹਰ ਤੇ ਜਾ ਕੇ ਨਿਬੜਦੀ ਹੈ। ਗੁਰ ਫੁਰਮਾਨ ਹੈ :—

ਨਾ ਤੂ ਆਵਹਿ ਵਸਿ ਬਹੁਤੁ ਘਿਣਾਵਣੇ ॥ ਨਾ ਤੂ ਆਵਹਿ ਵਸਿ ਬੇਦ ਪੜਾਵਣੇ ॥
ਨਾ ਤੂ ਆਵਹਿ ਵਸਿ ਤੀਰਥਿ ਨਾਈਐ ॥ ਨਾ ਤੂ ਆਵਹਿ ਵਸਿ ਧਰਤੀ ਧਾਈਐ ॥
ਨਾ ਤੂ ਆਵਹਿ ਵਸਿ ਕਿਤੈ ਸਿਆਣਪੈ ॥ ਨਾ ਤੂ ਆਵਹਿ ਵਸਿ ਬਹੁਤਾ ਦਾਨੁ ਦੇ ॥੧੦॥
[ਰਾਮਕਲੀ ਕੀ ਵਾਰ ਮ: ੫, ਪੰਨਾ ੯੬੨]

ਉਹਨਾਂ ਸਮਿਆਂ ਵਿਚ, ਜਦੋਂ ਬਾਣੀ ਰਚੀ ਗਈ ਸੀ, ਕਾਵਿ-ਰਚਨਾ ਵਿਚ ਪ੍ਰਸ਼ਨ ਚਿੰਨ੍ਹ ਜਾਂ ਬਿਸਰਾਮ ਚਿੰਨ੍ਹ ਨਹੀਂ ਸੀ ਲਗਾਏ ਜਾਂਦੇ। ਇਸ ਲਈ ਇਸ ਪਉੜੀ ਦੇ ਅਰਥ ਕਰਨ ਵਿਚ ਬੜਾ ਭੁਲੇਖਾ ਲਗਾ ਹੈ। ਇੰਜ ਕਈ ਥਾਈਂ ਹੋਰ ਭੀ ਭੁਲੇਖੇ ਲਗ ਸਕਦੇ ਹਨ। ਪਰ ਅਰਥ ਕਰਨ ਲਗਿਆਂ ਜੇਕਰ ਗੁਰਬਾਣੀ ਦੀ ਅੰਦਰਲੀ ਗਵਾਹੀ ਕਿਸੇ ਗੁਰਮਤਿ ਸਿਧਾਂਤ ਦੀ ਆਪ ਹੀ ਸੇਧ ਬਖਸ਼ੇ ਤਾਂ ਉਸ ਸੇਧ ਵਿਚ ਅਰਥ ਕਰਨੇ ਜ਼ਿਆਦਾ ਠੀਕ ਹੁੰਦੇ ਹਨ। ਉਪਰੋਕਤ ਪਉੜੀ ਵਿਚ ਦੋ ਗੱਲਾਂ ਕਹੀਆਂ ਗਈਆਂ ਹਨ : ਇਕ ਤਾਂ ਇਹ ਕਿ ਪ੍ਰਭੂ ਦੇ ਨਾਮ ਜਪਣ ਦੀ ਗਿਣਤੀ ਮਿਣਤੀ ਕਰਨੀ ਮਨਮਤਿ ਹੈ। ਅਤੇ ਦੂਜੀ ਗੱਲ ਇਹ ਕਿ ਜਦੋਂ ਭੀ ਸੱਚੇ ਪ੍ਰਭੂ ਨਾਲ ਮਿਲਾਪ ਹੋਣਾ ਹੈ, ਉਹ ਉਸ ਦੀ ਨਦਰ ਮਿਹਰ ਸਦਕਾ ਹੋਣਾ ਹੈ, ਆਪਣੀ ਘਾਲ ਕਮਾਈ ਰਾਹੀਂ ਨਹੀਂ।



www.AKJ.Org

"ਲਖੁ ਲਖੁ ਗੇੜਾ" ਦਾ ਪਿਛੋਕੜ ਕੀ ਹੋ ਸਕਦੈ ? ਕਿਹਾ ਜਾਂਦੈ ਕਿ ਜਦੋਂ ਵੇਦ-ਮੰਤਰ ਰਚੇ ਗਏ ਤਾਂ ਉਸ ਸਮੇਂ ਦੇ ਪ੍ਰੋਹਿਤਾਂ ਨੇ ਇਹ ਪ੍ਰਚਾਰ ਕੀਤਾ ਕਿ ਇਨ੍ਹਾਂ ਮੰਤ੍ਰਾਂ ਦੇ ਕਿਸੇ ਨਿਸਚਿਤ ਗਿਣਤੀ ਦੇ ਜਾਪ ਨਾਲ ਕਾਰਜ-ਸਿਧੀ ਆਪਣੇ ਇਸ਼ਟਦੇਵ ਤੋਂ ਇਉਂ ਕਰਵਾਈ ਜਾ ਸਕਦੀ ਹੈ ਜਿਵੇਂ ਕਿਸੇ ਮਜ਼ਦੂਰ ਦਿਹਾੜੀਦਾਰ ਤੋਂ ਸਖ਼ਤੀ ਨਾਲ ਕੰਮ ਲਿਆ ਜਾਂਦਾ ਹੋਵੇ । ਹੁਣ ਭੀ ਤੰਤ੍ਰ ਵਿਦਿਆ ਵਾਲਿਆਂ ਨੇ ਜੰਤਰ ਮੰਤਰ ਦੇ ਜਾਪ ਰਾਹੀਂ, ਕਈ ਪ੍ਰਕਾਰੀ ਕ੍ਰਿਸ਼ਮੇ ਦਿਖਾ ਕੇ ਲੋਗਾਂ ਨੂੰ ਆਪਣੇ ਮਗਰ ਲਾਇਆ ਹੋਇਆ ਹੈ । ਪਰ ਕੀ ਪ੍ਰਭੂ-ਪ੍ਰੀਤਮ ਭੀ ਇਨ੍ਹਾਂ ਇਸ਼ਟ-ਦੇਵਾਂ ਵਾਂਗ ਹੀ ਇਕ ਇਸ਼ਟ ਦੇਵ ਹਨ ? ਉਤਰ ਹੈ, ਨਹੀਂ ।

ਸਤਿਗੁਰ ਜੀ ਇਸ ਪਉੜੀ ਵਿਚ ਇਸ ਤਰ੍ਹਾਂ ਦੀ ਮੰਤ੍ਰ ਸਿਧੀ ਦੀ ਧਾਰਨਾ ਦਾ ਖੰਡਨ ਕਰ ਰਹੇ ਹਨ, ਤਾਂ ਹੀ ਹਜ਼ੂਰ ਅਜਿਹੇ ਜਾਪ ਕਰਨ ਵਾਲਿਆਂ ਨੂੰ ਕੂੜਾ ਜਾਂ ਕੀਟ ਆਖਦੇ ਹਨ, ਤੇ ਉਸਦੀ ਥੀਉਰੀ ਨੂੰ ਨਿਰੀ ਗੱਪ ਹੀ ਆਖਿਆ ਹੈ। ਆਪ ਜੀ ਨੇ ਲਖ ਲਖ ਗੇੜੇ ਦੇ ਟਾਕਰੇ ਤੇ ਕੋਟਿ ਕੋਟਿ ਵਾਰ ਕੀਤੇ ਜਾਪ ਦਾ ਮੁਲਾਂਕਣ ਭੀ ਕੀਤਾ ਹੈ, ਜਿਸ ਤੋਂ ਉਪਰੋਕਤ ਪਉੜੀ ਦੀ ਵਿਆਖਿਆ ਕਰਨ ਵਿਚ ਸੇਧ ਮਿਲਦੀ ਹੈ । ਸਾਰੰਗ ਕੀ ਵਾਰ ਮਹਲਾ ਚਉਥਾ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅ ਪਣਾ ਇਕ ਸਲੋਕ ਹੈ

ਹੈ, ਹੈ, ਆਖਾਂ ਕੋਟਿ ਕੋਟਿ, ਕੋਟੀ ਹੂ ਕੋਟਿ ਕੋਟਿ ॥
ਆਖੂੰ ਆਖਾਂ ਸਦਾ ਸਦਾ, ਕਹਣਿ ਨ ਆਵੈ ਤੋਟਿ ॥
ਨ ਹਉ ਥਕਾਂ, ਨ ਠਾਕੀਆ, ਏਵਡ ਰਖਹਿ ਜੋਤਿ ॥
ਨਾਨਕ ਚਸਿਅਹੁ ਚੁਖ ਬਿੰਦ, ਉਪਰਿ ਆਖਣੁ ਦੋਸੁ ॥੨॥੧੦॥

[ਮ: ੧, ਸਾਰੰਗ ਕੀ ਵਾਰ, ਪੰਨਾ ੧੨੪੧]

ਜੇ ਲਖ ਲਖ ਗੇੜੇ ਤੋਂ ਅਗੇ ਕੋਟਿ ਕੋਟਿ ਦਾ ਗੇੜਾ ਭੀ ਲਗਾ ਲਿਆ ਜਾਏ, ਤੇ ਨਾਮ ਦੇ ਜਾਪ ਦੀ ਕੋਈ ਤੋਟ ਭੀ ਨ ਆਵੇ, ਹਜ਼ੂਰ ਫੁਰਮਾਉਂਦੇ ਹਨ, ਕਿ ਹੇ ਵਾਹਿਗੁਰੂ, ਜੇ ਆਪ ਜੀ ਮੈਨੂੰ ਇਤਨੀ ਜੋਤਿ-ਸ਼ਕਤੀ ਬਖਸ਼ੋ ਕਿ ਨਾ ਮੈਂ ਥਕਾਂ, ਨਾ ਮੈਂ ਅਕਾਂ, ਨਾ ਮੈਂ ਰੋਕਿਆਂ ਰੁਕਾਂ ਤੇ ਅਖੰਡ ਜਾਪ ਜਾਰੀ ਰਖਾਂ, ਫਿਰ ਭੀ ਹੇ ਪਾਤਸ਼ਾਹ, ਇਹ ਮੇਰਾ ਕੀਤਾ ਜਾਪ ਕਿਤਨਾ ਕੁ ਹੈ-ਕੇਵਲ ਚਸੇ ਦੇ ਤੀਵੇਂ ਹਿੱਸੇ ਦੇ ਬਰਾਬਰ । ਭਾਵ, ਅੱਖ ਝਮਕਣ ਦੇ ਬਰਾਬਰ । ਖਗੋਲ ਸ਼ਾਸਤ੍ਰ ਦੇ ਹਿਸਾਬ ਅਨੁਸਾਰ ਵਿੱਸਾ ਇਕ ਸਕਿੰਟ ਦਾ, ਚੁਖ ਅੱਧੇ ਸਕਿੰਟ ਦਾ, ਅਤੇ ਚਸਾ ਪੰਦਰ੍ਹਾਂ ਸਕਿੰਟ ਦਾ ਹੁੰਦਾ ਹੈ। ਜੇ ਕੋਟਿ ਕੋਟਿ ਜਾਪ ਅੱਖ ਦੇ ਝਮਕਣ ਦੇ ਤੁਲ ਹੈ ਤਾਂ ਨਾਮ ਅਭਿਆਸੀ ਆਪਣੀ ਘਾਲ ਕਮਾਈ ਦੀ ਮਿਤ ਦਾ ਅੰਦਾਜ਼ਾ ਇਥੋਂ ਕਰ ਲੈਣ । ਲਖ ਲਖ ਗੇੜੇ ਵਾਲੇ ਦਾ ਦਾਅਵਾ ਕੂੜੇ ਦੀ ਠੀਸ ਨਹੀਂ ਤਾਂ ਹੋਰ ਕੀ ਹੈ ?

ਸਿਧਾਂਤ ਇਥੇ ਭੀ ਇਹੋ ਹੈ ਕਿ ਸਾਡੇ ਕੀਤੇ ਜਾਪ ਦਾ ਮੁਲ ਕੇਵਲ ਅਕਾਲ ਪੁਰਖ ਆਪ ਹੀ ਪਾ ਸਕਦੇ ਹਨ। ਸਾਡੀ ਗਿਣਤੀ ਮਿਣਤੀ ਹੋਛਾਪਣ ਹੀ ਹੈ ।

ਆਪੇ ਸਾਜੇ, ਅ ਪੇ ਰੰਗੇ, ਆਪੇ ਨਦਰਿ ਕਰੇਇ ।।੪॥੧॥੩॥ (ਤਿਲੰਗ ਮ: ੧, ਪੰਨਾ ੭੨੨)
ਕਰਮਿ ਮਿਲੈ ਆਖਣੁ ਤੇਰਾ ਨਾਉ ॥ ਜਿਤੁ ਲਗਿ ਤਰਣਾ ਹੋਰੁ ਨਹੀ ਥਾਉ ॥੪॥੩॥੫॥

[ਧਨਾਸਰੀ ਮ: ੧, ਪੰਨਾ ੬੬੨]


## ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

| | | | |
|---|---|---|---|
| ਗੁਰਮਤਿ ਬਿਬੇਕ | ੭-੫੦ | ਜੇਲ੍ਹ ਚਿਠੀਆਂ ੧੫-੦੦ ਰੰਗਲੇ ਸਜਣ | ੭-੦੦ |
| ਗੁਰਮਤਿ ਨਾਮ ਅਭਿਆਸ ਕਮਾਈ | ੬-੫੦ | ਅਣਡਿਠੀ ਦੁਨੀਆ | ੧੦-੦੦ |
| ਕੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁਤਪ੍ਰਸਤੀ ਹੈ ? | ੩-੭੫ | ਸਚਖੰਡ ਦਰਸ਼ਨ | ੧-੭੫ |
| ਅਨਹਦ ਸ਼ਬਦ ਦਸਮ ਦੁਆਰ | ੬-੦੦ | ਝਟਕਾ ਮਾਸ ਪ੍ਰਥਾਇ ਤੱਤ ਗੁਰਮਤਿ ਨਿਰਣਯ | ੪-੦੦ |
| ਗੁਰਮਤਿ ਸੰਬੰਧੀ ਸ਼ੰਕਿਆਂ ਦੇ ਉਤਰ | ੦-੯੦ | ਅੰਮ੍ਰਿਤ ਕੀ ਹੈ ? | ੧-੦੦ |
| ਨਾਮ ਸੰਬੰਧੀ ਵਿਚਾਰ | ੦-੯੦ | ਸੁਪਨਾ ੦-੬੦ ਵਾਹਿਗੁਰੂ ਸਿਮਰਨ | ੦-੫੦ |
| ਆਸਤਕ ਤੇ ਨਾਸਤਕ | ੦-੩੫ | ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ | ੦-੨੫ |

# ਸ੍ਰੀ ਹਰਿਮੰਦਰ ਸਾਹਿਬ ਦੀ ਮਰਯਾਦਾ

[ਵਲੋਂ—ਗਿਆਨੀ ਜਗਜੀਤ ਸਿੰਘ ਜੀ]

ਦਰਬਾਰ ਸਾਹਿਬ (ਸਵਰਨ ਮੰਦਰ) ਸਿੱਖਾਂ ਦਾ ਮੱਕਾ, ਕਾਸ਼ੀ ਅਤੇ ਰੋਮ, ਭਾਵ ਸਭ ਕੁਝ ਹੈ ਅਤੇ ਇਹ ਤੀਰਥ-ਅਸਥਾਨ ਸਚਮੁੱਚ ਹੀ ਸਿੱਖੀ ਦਾ ਧੁਰਾ ਹੈ। ਸਾਰੇ ਸੰਸਾਰ ਵਿਚ ਵੱਸਣ ਵਾਲੇ ਸਿੱਖਾਂ ਦੇ ਧਾਰਮਿਕ ਜਜ਼ਬਾਤ ਇਸ ਸੁਨਹਿਰੀ ਮੰਦਰ ਨਾਲ ਜੁੜੇ ਹੋਏ ਹਨ। ਹਰ ਸਿੱਖ ਇਸ ਅਸਥਾਨ ਦੀ ਮਹਾਨਤਾ ਅਤੇ ਮਰਯਾਦਾ ਨੂੰ ਸਥਿਰ ਰੱਖਣ ਲਈ ਵੱਡੀ ਤੋਂ ਵੱਡੀ ਕੁਰਬਾਨੀ ਕਰ ਸਕਦਾ ਹੈ। ਜਿਹਾ ਕਿ ਪ੍ਰਾਚੀਨ ਸਿੱਖ-ਇਤਿਹਾਸ ਗੁਆਹ ਹੈ ਕਿ ਸਿੱਖਾਂ ਨੇ ਆਪਣੇ ਇਸ ਸੁੰਦਰ ਅਸਥਾਨ ਲਈ ਬੜੀਆਂ ਕੁਰਬਾਨੀਆਂ ਕੀਤੀਆਂ ਹਨ। ਦਰਬਾਰ ਸਾਹਿਬ ਦਾ ਇਤਿਹਾਸ ਪੁਰਾਣਾ ਹੈ, ਜਿਸ ਤੋਂ ਲੋਕ ਭਲੀ-ਭਾਂਤ ਜਾਣੂੰ ਹਨ। ਇਸ ਸਵਰਨ ਮੰਦਰ ਦੀ ਪਵਿੱਤਰ ਇਮਾਰਤ ਨਾਲੋਂ ਵੀ ਵੱਧ ਜੇ ਕੋਈ ਚੀਜ਼ ਹੈ ਤਾਂ ਉਹ ਹੈ ਇਸ ਦੀ ਮਰਯਾਦਾ।

ਇਸ ਸਵਰਨ ਮੰਦਰ ਦੀ ਮਰਯਾਦਾ ਬੜੀ ਅਸਚਰਜ ਅਤੇ ਪ੍ਰਾਚੀਨ ਹੈ। ਮਰਿਆਦਾ ਦਾ ਸ਼ਬਦ ਸੰਸਕ੍ਰਿਤ ਦੇ ਸ਼ਬਦ ਮਰਯਾਦਾ ਤੋਂ ਬਣਿਆ ਹੈ; ਜਿਸਦਾ ਅਰਥ ਹੈ ਚਿੰਨ੍ਹ ਜਾਂ ਨਿਸ਼ਾਨ। ਜੋ ਦੇਸ਼ ਅਤੇ ਸਮਾਜ ਦੀ ਹੱਦਬੰਦੀ ਕਰੇ ਉਸ ਨੂੰ ਮਰਯਾਦਾ ਕਹਿੰਦੇ ਹਨ। ਇਸ ਤੋਂ ਬਿਨਾਂ ਸਮਾਜ ਅਤੇ ਰਾਜ ਵਲੋਂ ਬਣਾਏ ਗਏ ਅਸੂਲਾਂ ਨੂੰ ਵੀ ਮਰਯਾਦਾ ਕਿਹਾ ਜਾਂਦਾ ਹੈ। ਇਸ ਵੇਲੇ ਦਰਬਾਰ ਸਾਹਿਬ ਦੀ ਚਲੰਤ ਮਰਯਾਦਾ ਭਾਈ ਮਨੀ ਸਿੰਘ ਜੀ ਨੇ ਲਾਗੂ ਕੀਤੀ ਸੀ ਅਤੇ ਇਸ ਪ੍ਰਕਾਰ ਤਖ਼ਤ ਸਾਹਿਬ ਦਰਬਾਰ ਸਾਹਿਬ ਦੇ ਸਾਹਮਣੇ ਬਹੁਤ ਥੋੜੀ ਵਿਥ ਤੇ ਹੈ, ਪਰ ਉਸਦੀ ਮਰਯਾਦਾ ਵਖਰੀ ਹੈ। ਜਦ ਕਦੀ ਵੀ ਦਰਬਾਰ ਸਾਹਿਬ ਦੀ ਮਰਿਆਦਾ ਨੂੰ ਭੰਗ ਕੀਤਾ ਗਿਆ ਜਾਂ ਇਸ ਦੀ ਥਾਂ ਉਲਟ ਰਵਾਇਤ ਚਾਲੂ ਕੀਤੀ ਗਈ, ਉਸ ਵਿਚ ਸਮੇਂ ਸਮੇਂ ਸੁਧਾਰ ਲਿਆਂਦਾ ਜਾਂਦਾ ਰਿਹਾ ਤਾਂ ਇਹ ਸਭ ਦੀ ਸਹਿਮਤੀ ਨਾਲ ਹੀ ਹੁੰਦਾ ਰਿਹਾ। ਦਰਬਾਰ ਸਾਹਿਬ ਦੀ ਮਰਯਾਦਾ ਵਿਚ ਤਬਦੀਲੀ ਕਰਨ ਦਾ ਕਿਸੇ ਵੀ ਇਕ ਸਿੱਖ ਨੂੰ ਅਧਿਕਾਰ ਨਹੀਂ ਅਤੇ ਨਾ ਹੀ ਉਸਦੇ ਕਹਿਣ ਤੇ ਕੋਈ ਤਬਦੀਲੀ ਕੀਤੀ ਜਾ ਸਕਦੀ ਹੈ। ਜੇ ਅਜਿਹਾ ਕਰ ਦਿੱਤਾ ਜਾਵੇ ਤਾਂ ਧਾਰਮਿਕ ਸੰਕਟ ਉਤਪੰਨ ਹੋ ਸਕਦਾ ਹੈ, ਜਿਸ ਕਾਰਨ ਮਰਯਾਦਾ ਦਾ ਸਥਿਰ ਰਹਿਣਾ ਕਠਿਨ ਹੈ। ਇਸ ਸਮੇਂ ਲੱਗਪੱਗ ਉਹ ਮਰਯਾਦਾ ਹੀ ਚਾਲੂ ਹੈ ਜੋ ਗੁਰੂ ਗੋਬਿੰਦ ਸਿੰਘ ਦੇ ਜੀ ਸਮੇਂ ਸੀ ਅਤੇ ਇਸ ਨੂੰ ਭਾਈ ਮਨੀ ਸਿੰਘ ਜੀ ਨੇ ਦਰਬਾਰ ਸਾਹਿਬ ਦੇ ਹੈੱਡ-ਗਰੰਥੀ ਬਣਨ ਪਿਛੋਂ ਉਸੇ ਤਰ੍ਹਾਂ ਹੀ ਲਾਗੂ ਕੀਤਾ।

ਹਰਿਮੰਦਰ ਹੀ ਸਿੱਖਾਂ ਦਾ ਇਕ ਅਜਿਹਾ ਅਸਥਾਨ ਹੈ ਜਿਥੇ ਗੁਰੂ ਗਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤੇ ਬਿਨਾਂ 'ਆਸਾ ਦੀ ਵਾਰ' ਦਾ ਕੀਰਤਨ ਆਰੰਭ ਹੁੰਦਾ ਹੈ, ਕਿਉਂਕਿ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਦੇ ਦੀਵਾਨ ਵਿਚ ਉਨ੍ਹਾਂ ਦੇ ਪ੍ਰਵੇਸ਼ ਕਰਨ ਤੋਂ ਪਹਿਲਾਂ ਕੀਰਤਨ ਆਰੰਭ ਹੋ ਜਾਂਦਾ ਸੀ ਅਤੇ ਜਦ ਗੁਰੂ ਜੀ ਵਾਜਿਆਂ ਗਾਜਿਆਂ ਅਤੇ ਨਰਸਿੰਘਿਆਂ ਨਾਲ ਦੀਵਾਨ ਵਿਚ ਆਉਂਦੇ ਤਾਂ ਸਾਰੀ ਸੰਗਤ ਉਠ ਕੇ ਉਨ੍ਹਾਂ ਦਾ ਸਤਿਕਾਰ ਕਰਦੀ ਸੀ ਅਤੇ ਫਿਰ ਇਸ ਪਿੱਛੋਂ ਗੁਰੂ ਮਹਾਰਾਜ ਦੀ ਹਾਜ਼ਰੀ ਵਿਚ ਮੇਵੜੇ ਭੇਟਾ ਪੇਸ਼ ਕਰਦੇ ਅਤੇ ਫਿਰ ਕੀਰਤਨ ਪਿੱਛੋਂ ਅਰਦਾਸ ਹੁੰਦੀ ਸੀ।

ਹੁਣ ਦਰਬਾਰ ਸਾਹਿਬ ਦੀ ਇਸ ਪ੍ਰਾਚੀਨ ਮਰਯਾਦਾ ਨੂੰ ਦਰਬਾਰ ਸਾਹਿਬ ਦੇ ੪ ਗਰੰਥੀ ਸਾਹਿਬਾਨ ਵਿਚੋਂ ਇਕ ਹੈੱਡ ਗਰੰਥੀ ਸਾਹਿਬ, ਚਾਰ ਅਰਦਾਸੀਏ, ੪ ਚੌਰ-ਬਰਦਾਰ, ੭ ਰਾਗੀ ਜਥੇ, ੨ ਫ਼ਰਾਸ਼, ੧੦ ਸੇਵਾਦਾਰ, ੪ ਚੋਬਦਾਰ ਅਤੇ ਪਾਠੀ ਸਿੰਘ ਚਲਾਉਂਦੇ ਹਨ। ਗਰੰਥੀ ਸਾਹਿਬਾਨ ਦੀ ਡਿਊਟੀ ਗੁਰੂ ਗਰੰਥ ਸਾਹਿਬ ਜੀ ਦੀ ਤਾਬਿਆ ਵਿਚ ਬੈਠਣਾ ਹੈ। ਇਨ੍ਹਾਂ ਦੀ ਥਾਂ ਦੁਨੀਆ ਦਾ ਹੋਰ ਕੋਈ ਵੀ ਵਿਅਕਤੀ ਦਰਬਾਰ ਸਾਹਿਬ ਅੰਦਰ ਗੁਰੂ ਗਰੰਥ ਸਾਹਿਬ ਜੀ ਦੀ ਤਾਬਿਆ ਨਹੀਂ ਬੈਠ ਸਕਦਾ।

ਦਰਬਾਰ ਸਾਹਿਬ ਦੇ ਗਰੰਥੀ ਦੀ ਨਿਯੁਕਤੀ ਅਖ਼ਬਾਰਾਂ ਵਿਚ ਪ੍ਰਕਾਸ਼ਤ ਕਰ ਕੇ ਬੋਰਡ ਰਾਹੀਂ ਮੈਰਿਟ ਦੇ



www.AKJ.Org

ਅਧਾਰ ਤੇ ਕੀਤੀ ਜਾਂਦੀ ਹੈ ਅਤੇ ਗਰੰਥੀ ਸਿੰਘ ਦੇ ਚੁਣੇ ਜਾਣ ਪਿੱਛੋਂ ਦਰਬਾਰ ਸਾਹਿਬ ਦੀ ਡਿਊਟੀ ਕਰਨ ਤੋਂ ਪਹਿਲਾਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਦੀਵਾਨ ਸਜਾ ਕੇ ਗਰੰਥੀ ਸਿੰਘ ਦੀ ਰਵਾਇਤ ਅਨੁਸਾਰ ਗੱਦੀ ਨਸ਼ੀਨੀ ਕੀਤੀ ਜਾਂਦੀ ਹੈ ਅਤੇ ਇਸ ਆਯੋਜਤ ਦੀਵਾਨ ਵਿਚ ਸਿੱਖ ਸੰਪਰਦਾਵਾਂ ਦੇ ਆਗੂਆਂ ਵਲੋਂ ਨਵੇਂ ਨਿਯੁਕਤ ਕੀਤੇ ਗਰੰਥੀ ਸਿੰਘ ਨੂੰ ਆਪਣੀ ਆਪਣੀ ਸੰਪਰਦਾ ਵਲੋਂ ਸਤਿਕਾਰ ਵਜੋਂ ਦਸਤਾਰਾਂ ਭੇਟ ਕੀਤੀਆਂ ਜਾਂਦੀਆਂ ਹਨ। ਇਸ ਪਿੱਛੋਂ ਦਰਬਾਰ ਸਾਹਿਬ ਦੇ ਅੰਦਰ ਜਾ ਕੇ ਹੈੱਡ ਗਰੰਥੀ ਨਵੇਂ ਚੁਣੇ ਗਏ ਗਰੰਥੀ ਸਿੰਘ ਨੂੰ ਗੱਦੀ ਤੇ ਬਿਰਾਜਮਾਨ ਕਰਾਉਣ ਤੋਂ ਪਹਿਲਾਂ ਹੱਥ ਵਿੱਚ ਚੋਰ ਦਿੰਦੇ ਹਨ ਅਤੇ ਇਸ ਸਮੇਂ ਦਰਬਾਰ ਸਾਹਿਬ ਵਿਚ ਕੀਰਤਨ ਬੰਦ ਕਰ ਦਿੱਤਾ ਜਾਂਦਾ ਹੈ ਅਤੇ ਅਰਦਾਸ ਕਰਨ ਪਿਛੋਂ ਨਵੇਂ ਗਰੰਥੀ ਗੁਰੂ ਗਰੰਥ ਸਾਹਿਬ ਦਾ ਹੁਕਮ ਲੈ ਕੇ ਆਪਣੀ ਡਿਊਟੀ ਦਾ ਆਰੰਭ ਕਰਦੇ ਹਨ।

ਦਰਬਾਰ ਸਾਹਿਬ ਦੇ ਪਹਿਲੇ ਹੈੱਡ-ਗਰੰਥੀ ਬਾਬਾ ਬੁੱਢਾ ਜੀ ਸਨ। ਉਨ੍ਹਾਂ ਤੋਂ ਪਿੱਛੋਂ ਭਾਈ ਭਾਨਾ ਜੀ, ਭਾਈ ਮਨੀ ਸਿੰਘ ਜੀ, ਭਾਈ ਗੁਪਾਲ ਦਾਸ ਉਦਾਸੀ, ਭਾਈ ਆਤਮਾ ਸਿੰਘ, ਭਾਈ ਮੱਖਣ ਸਿੰਘ, ਭਾਈ ਸ਼ਾਮ ਸਿੰਘ, ਭਾਈ ਜੱਸਾ ਸਿੰਘ, ਭਾਈ ਜਵਾਹਰ ਸਿੰਘ, ਭਾਈ ਹਰਨਾਮ ਸਿੰਘ, ਭਾਈ ਕਰਤਾਰ ਸਿੰਘ, ਭਾਈ ਫ਼ਤਹ ਸਿੰਘ, ਗਿਆਨੀ ਕਰਤਾਰ ਸਿੰਘ ਕਲਾਸਵਾਲਾ, ਮਹੰਤ ਮੂਲ ਸਿੰਘ, ਗਿਆਨੀ ਭੂਪਿੰਦਰ ਸਿੰਘ, ਗਿਆਨੀ ਚੇਤ ਸਿੰਘ ਅਤੇ ਗਿਆਨੀ ਕਿਰਪਾਲ ਸਿੰਘ ਹੈੱਡ-ਗਰੰਥੀ ਰਹਿ ਚੁੱਕੇ ਹਨ ਅਤੇ ਹੁਣ ਗਿਆਨੀ ਸਾਹਿਬ ਸਿੰਘ ਡਿਊਟੀ ਨਿਭਾ ਰਹੇ ਹਨ।

**ਗੁਰੂ ਗਰੰਥ ਸਾਹਿਬ ਜੀ ਦੇ ਹੁਕਮ–**

ਦਰਬਾਰ ਸਾਹਿਬ ਵਿਚ ਗੁਰੂ ਗਰੰਥ ਸਾਹਿਬ ਜੀ ਤੋਂ ਦੋ ਵਾਰ ਸਵੇਰੇ ਅਤੇ ਇਕ ਵਾਰ ਰਾਤ ਦੀ ਸਮਾਪਤੀ ਪਿੱਛੋਂ ਹੁਕਮ ਲਏ ਜਾਂਦੇ ਹਨ। ਇਹ ਹੁਕਮ ਕੇਵਲ ਦਰਬਾਰ ਸਾਹਿਬ ਦੇ ਨਿਸ਼ਚਤ ਗਰੰਥੀ ਸਿੰਘ ਸਾਹਿਬ ਹੀ ਲੈ ਸਕਦੇ ਹਨ, ਜਿਨ੍ਹਾਂ ਵਿਚ ਹੈੱਡ-ਗਰੰਥੀ ਵੀ ਸ਼ਾਮਲ ਹਨ। ਇਸ ਸਮੇਂ ਗਿਆਨੀ ਸਾਹਿਬ ਸਿੰਘ ਹੈੱਡ ਗਰੰਥੀ ਵਜੋਂ, ਜਦ ਕਿ ਗਿਆਨੀ ਸੋਹਣ ਸਿੰਘ, ਗਿਆਨੀ ਮੋਹਨ ਸਿੰਘ ਅਤੇ ਗਿਆਨੀ ਪੂਰਨ ਸਿੰਘ ਗਰੰਥੀ ਵਜੋਂ ਸੇਵਾ ਨਿਭਾ ਰਹੇ ਹਨ। ਗੁਰਦਵਾਰਾ ਐਕਟ ਅਤੇ ਪ੍ਰਾਚੀਨ ਮਰਯਾਦਾ ਅਨੁਸਾਰ ਦਰਬਾਰ ਸਾਹਿਬ ਦੇ ਹੈੱਡ-ਗਰੰਥੀ ਸਾਹਿਬ ਦਰਬਾਰ ਸਾਹਿਬ ਦੀ ਪਵਿੱਤਰਤਾ ਅਤੇ ਸੇਵਾ ਸੰਭਾਲ ਅਤੇ ਮਰਯਾਦਾ ਨੂੰ ਕਾਇਮ ਰੱਖਣ ਦੇ ਪੂਰੇ ਜ਼ੁੰਮੇਵਾਰ ਹਨ। ਫ਼ੌਜੀ ਐਕਸ਼ਨ ਤੋਂ ਪਹਿਲਾਂ ਦਰਬਾਰ ਸਾਹਿਬ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦੀ ਹੱਥ-ਲਿਖਤ ਗੁਰੂ ਗਰੰਥ ਸਾਹਿਬ ਜੀ ਦੀ ਪੁਰਾਤਨ ਬੀੜ ਦਾ ਪ੍ਰਕਾਸ਼ ਕੀਤਾ ਜਾਂਦਾ ਸੀ, ਪਰ ਇਸ ਬੀੜ ਦੀ ਹਾਨੀ ਹੋਣ ਕਾਰਨ ਹੁਣ ਦਰਬਾਰ ਸਾਹਿਬ ਵਿਚ ਛਪੀ ਹੋਈ ਬੀੜ ਦਾ ਪ੍ਰਕਾਸ਼ ਕੀਤਾ ਜਾਂਦਾ ਹੈ। ਦਰਬਾਰ ਸਾਹਿਬ ਵਿਚ ਅੰਮ੍ਰਿਤ ਵੇਲੇ ਜਿਹੜਾ ਪਹਿਲਾ ਹੁਕਮ ਲਿਆ ਜਾਂਦਾ ਹੈ, ਉਸ ਪਿਛੋਂ ਦੂਜਾ ਹੁਕਮ 'ਆਸਾ ਦੀ ਵਾਰ' ਦੇ ਭੋਗ ਪਿਛੋਂ ਗਰੰਥੀ ਸਿੰਘ ਲੈਂਦੇ ਹਨ। ਰਾਤ ਸਮੇਂ ਲਏ ਜਾਣ ਵਾਲੇ ਹੁਕਮ ਨੂੰ ਸਮਾਪਤੀ ਦਾ ਹੁਕਮ ਕਿਹਾ ਜਾਂਦਾ ਹੈ।

**ਕਵਾੜ ਖੁਲ੍ਹਣਾ–**

ਰਾਤ ਨੂੰ ਦਰਬਾਰ ਸਾਹਿਬ ਦੀ ਦਰਸ਼ਨੀ ਡਿਉੜੀ ਦਾ ਮੁੱਖ ਦੁਆਰ ਬੰਦ ਕਰ ਦਿੱਤਾ ਜਾਂਦਾ ਹੈ ਅਤੇ ਉਹ ਪ੍ਰੇਮੀ ਹੀ ਸੇਵਾ ਜਾਂ ਡਿਊਟੀ ਲਈ ਅੰਦਰ ਪ੍ਰਵੇਸ਼ ਕਰ ਸਕਦੇ ਹਨ ਜਿਨ੍ਹਾਂ ਪਾਸ ਦਰਬਾਰ ਸਾਹਿਬ ਦੇ ਮੈਨੇਜਰ ਵਲੋਂ ਜਾਰੀ ਕੀਤਾ ਗਿਆ ਪਾਸ ਹੁੰਦਾ ਹੈ। ਦਰਬਾਰ ਸਾਹਿਬ ਵਿਚ ਤਿੰਨ-ਪਹਿਰੇ ਦੀ ਅਰਦਾਸ ਪਿਛੋਂ ਦਰਸ਼ਨੀ ਡਿਉੜੀ ਦੇ ਮੁੱਖ ਦੁਆਰ ਅਗੇ ਹਦਾਇਤਾਂ ਅਨੁਸਾਰ ਸਿੱਖ ਸੰਗਤਾਂ ਵਲੋਂ "ਦਰਸਨੁ ਦੀਜੈ ਖੋਲਿ ਕਿਵਾਰ...ਦਰਮਾਦੇ ਠਾਢੇ ਦਰਬਾਰਿ" ਸ਼ਬਦ ਪੜ੍ਹਿਆ ਜਾਂਦਾ ਹੈ ਅਤੇ ਫਿਰ ਇਹ ਦਰਵਾਜ਼ਾ ਨੀਯਤ ਸਮੇਂ ਤੇ ਖੋਲ੍ਹ ਦਿੱਤਾ ਜਾਂਦਾ ਹੈ। ਪਰ ਹੁਣ ਇਹ ਮਰਯਾਦਾ ਬੰਦ ਪਈ ਹੈ ਕਿਉਂਕਿ ਗੁਰੂ ਗਰੰਥ ਸਾਹਿਬ ਜੀ ਦੀ ਸਵਾਰੀ ਦਰਬਾਰ ਸਾਹਿਬ ਤੋਂ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਨਹੀਂ ਲਿਆਈ ਜਾਂਦੀ, ਇਸ ਲਈ ਗੁਰੂ ਗਰੰਥ ਸਾਹਿਬ ਜੀ ਦਾ ਸੁਖਆਸਨ ਕਰਨ



www.AKJ.Org

ਪਿੱਛੋਂ ਇਸ ਨੂੰ ਦੂਜੀ ਮੰਜ਼ਿਲ ਤੇ ਹੀ ਬਿਰਾਜਮਾਨ ਕਰ ਦਿੱਤਾ ਜਾਂਦਾ ਹੈ ਅਤੇ ਫਿਰ ਉਥੋਂ ਅਗਲੀ ਸਵੇਰ ਲਿਆ ਕੇ ਪ੍ਰਕਾਸ਼ ਕਰ ਦਿੱਤਾ ਜ਼ਾਂਦਾ ਹੈ।

ਇਹ ਕੀਰਤਨ ਹਰਿਮੰਦਰ ਸਾਹਿਬ ਵਿਚ ਅੱਧੀ ਰਾਤ ਸਮੇਂ ਦੁੱਧ ਦਾ ਇਸ਼ਨਾਨ ਕਰਾਉਣ ਪਿੱਛੋਂ ਸੁਖਆਸਨ ਦੀ ਵਿਛਾਈ ਕਰਨ ਉਪਰੰਤ ਕੀਤਾ ਜਾਂਦਾ ਹੈ। ਕਿਉਂਕਿ ਹੁਣ ਨਾ ਤਾਂ ਸ੍ਰੀ ਅਕਾਲ ਤਖ਼ਤ ਤੋਂ ਗੁਰੂ ਗਰੰਥ ਸਾਹਿਬ ਜੀ ਦੀ ਸਵਾਰੀ ਆਉਂਦੀ ਹੈ ਅਤੇ ਨਾ ਹੀ ਜਾਂਦੀ ਹੈ। ਇਸ ਤਰ੍ਹਾਂ ਹੁਣ ਤਿੰਨ-ਪਹਿਰੇ ਦਾ ਕੀਰਤਨ ਅਤੇ ਅਰਦਾਸ ਦੋਨੋਂ ਹੀ ਬੰਦ ਪਏ ਹਨ ਅਤੇ ਇਸ ਦੇ ਨਾਲ ਹੀ ਹੁਣ ਰਾਤ ਦੀ ਸਮਾਪਤੀ ਹੁੰਦੇ ਹੀ ਦਰਬਾਰ ਸਾਹਿਬ ਦੇ ਇਸ਼ਨਾਨ ਦੀ ਸੇਵਾ ਨਾਲ ਹੀ ਕਰ ਲਈ ਜਾਂਦੀ ਹੈ ਅਤੇ ਸਿੰਘਾਸਨ ਵੀ ਵਿਛਾ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਹੋਣ ਨਾਲ ਅਤੇ ਅਕਾਲ ਤਖ਼ਤ ਸਾਹਿਬ ਤੋਂ ਅੰਮ੍ਰਿਤ ਵੇਲੇ ਪਾਲਕੀ ਵਿਚ ਗੁਰੂ ਗਰੰਥ ਸਾਹਿਬ ਜੀ ਦੀ ਸਵਾਰੀ ਨਾ ਆਉਣ ਕਾਰਨ ਜਿਥੇ ਪ੍ਰਾਚੀਨ ਮਰਯਾਦਾ ਬੰਦ ਪਈ ਹੈ ਅਤੇ ਉਸ ਦੇ ਨਾਲ ਹੀ ਦਰਬਾਰ ਸਾਹਿਬ ਤੋਂ ਸਵਾਰੀ ਅਕਾਲ ਤਖ਼ਤ ਤੋਂ ਨਾ ਜਾਣ ਕਾਰਨ ਗੁਰੂ ਗਰੰਥ ਸਾਹਿਬ ਜੀ ਦੇ ਪਹਿਲੇ ਹੁਕਮ ਤੋਂ ਪਹਿਲਾਂ ਗੁਰੂ ਗਰੰਥ ਸਾਹਿਬ ਜੀ ਦੇ ਦਰਬਾਰ ਸਾਹਿਬ ਵਿਚ ਪ੍ਰਕਾਸ਼ ਕਰਨ ਸਮੇਂ ਪ੍ਰਾਚੀਨ ਮਰਯਾਦਾ ਅਨੁਸਾਰ ਜੋ ਸਵੱਈਏ ਪੜ੍ਹੇ ਜਾਂਦੇ ਸਨ, ਉਹ ਵੀ ਬੰਦ ਹਨ। ਇਹੀ ਕਾਰਨ ਹੈ ਕਿ ਜਿਥੇ ਤਿੰਨ-ਪਹਿਰੇ ਦਾ ਕੀਰਤਨ, ਅਰਦਾਸ ਅਤੇ ਗੁਰੂ ਗਰੰਥ ਸਾਹਿਬ ਜੀ ਦੀ ਸਵਾਰੀ ਪਾਲਕੀ ਵਿਚ ਬੰਦ ਹੈ ਅਤੇ ਉਸ ਦੇ ਨਾਲ ਹੀ ਆਸਾ ਦੀ ਵਾਰ ਦਾ ਕੀਰਤਨ ਦਾ ਸਮਾਂ ਤਿੰਨ ਘੰਟੇ ਦੀ ਥਾਂ ਹੁਣ ਦੋ ਘੰਟੇ ਰਹਿ ਗਿਆ ਹੈ।

ਅਰਦਾਸਾ—

ਦਰਬਾਰ ਸਾਹਿਬ ਦੀ ਦਿਨ ਰਾਤ ਚੱਲਣ ਵਾਲੀ ਮਰਯਾਦਾ ਅਨੁਸਾਰ ਛੇ ਵਾਰ ਅਰਦਾਸਾਂ ਕੀਤੀਆਂ ਜਾਂਦੀਆਂ ਹਨ। ਪਹਿਲੀ ਮੁੱਖ ਅਰਦਾਸ ਕੜਾਹ ਪ੍ਰਸ਼ਾਦ ਅਤੇ ਅਨੰਦ ਸਾਹਿਬ ਜੀ ਦੀ, ਇਸ ਪਿੱਛੋਂ ਆਸਾ ਦੀ ਵਾਰ ਸਮਾਪਤੀ ਦੀ ਅਰਦਾਸ ਅਤੇ ਫਿਰ ਬਾਰ੍ਹਾਂ ਵਜੇ ਦੀ ਅਰਦਾਸ, ਜੋ ਇਸ ਸਮੇਂ ਨਹੀਂ ਕੀਤੀ ਜਾਂਦੀ। ਤਿੰਨ ਵਜੇ ਦੀ ਅਰਦਾਸ, ਸੋਦਰ ਦੀ ਅਰਦਾਸ ਅਤੇ ਰਾਤ ਨੂੰ ਕੀਰਤਨ ਸੋਹਿਲਾ ਅਤੇ ਸਮਾਪਤੀ ਦੀ ਅੰਤਮ ਅਰਦਾਸ, ਜਿਸ ਨੂੰ ਕੇਵਲ ਅਰਦਾਸੀਏ ਹੀ ਕਰਦੇ ਹਨ।

ਪਾਲਕੀ ਸਾਹਿਬ ਦੀ ਮਰਯਾਦਾ—

ਦਰਬਾਰ ਸਾਹਿਬ ਦੀ ਸਾਰੀ ਮਰਯਾਦਾ ਵਿਚ ਪਾਲਕੀ ਦੀ ਮਰਯਾਦਾ ਬੜੀ ਰੌਚਕ ਅਤੇ ਸੁੰਦਰ ਹੈ, ਜਿਸ ਵਿਚ ਰੋਜ਼ਾਨਾ ਗੁਰੂ ਗਰੰਥ ਸਾਹਿਬ ਜੀ ਦੀ ਸਵਾਰੀ ਸੁਨਹਿਰੀ ਪਾਲਕੀ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹਰਿਮੰਦਰ ਸਾਹਿਬ ਅੰਮ੍ਰਿਤ ਵੇਲੇ ਲਿਜਾਈ ਜਾਂਦੀ ਹੈ ਅਤੇ ਫਿਰ ਰਾਤ ਨੂੰ ਸਵਾਰੀ ਲੈ ਕੇ ਵਾਪਸ ਆਉਂਦੀ ਹੈ। ਇਹ ਸੋਨੇ ਦੀ ਵਿਸ਼ੇਸ਼ ਪਾਲਕੀ ਫ਼ੌਜੀ ਐਕਸ਼ਨ ਵਿਚ ਸੜ ਚੁੱਕੀ ਹੈ। ਪਾਲਕੀ ਸਵਾਰੀ ਦੀ ਮਰਯਾਦਾ ਇਹ ਹੈ ਕਿ ਭਾਵੇਂ ਕਿਸੇ ਪ੍ਰਕਾਰ ਦਾ ਮੌਸਮ ਹੋਵੇ,ਪਾਲਕੀ ਸਾਹਿਬ ਆਪਣੇ ਨਿਸਚਤ ਵੇਲੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅੰਮ੍ਰਿਤ ਵੇਲੇ ਅਤੇ ਰਾਤ ਨੂੰ ਸਮਾਪਤੀ ਪਿੱਛੋਂ ਨਿਸਚਤ ਸਮੇਂ ਤੇ ਚਲਦੀ ਹੈ। ਦਰਬਾਰ ਸਾਹਿਬ ਜੀ ਦੇ ਗਰੰਥੀ ਸਿੰਘ ਦਾ ਹਾਜ਼ਰ ਹੋਣਾ ਲਾਜ਼ਮੀ ਹੈ। ਰਾਤ ਦੀ ਸਮਾਪਤੀ ਪਿੱਛੋਂ ਗੁਰੂ ਗਰੰਥ ਸਾਹਿਬ ਜੀ ਦੀ ਪਾਵਨ ਬੀੜ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੇ ਕੋਠਾ ਸਾਹਿਬ ਅਸਥਾਨ ਵਿਚ ਬਿਰਾਜਮਾਨ ਕਰ ਦਿੱਤਾ ਜਾਂਦਾ ਹੈ,ਜਿਥੋਂ ਸਵੇਰੇ ਫਿਰ ਪ੍ਰਕਾਸ਼ ਲਈ ਇਹ ਬੀੜ ਸਵਰਨ ਪਾਲਕੀ ਰਾਹੀਂ ਦਰਬਾਰ ਸਾਹਿਬ ਲਿਜਾਈ ਜਾਂਦੀ ਹੈ ਅਤੇ ਪਾਲਕੀ ਸਾਹਿਬ ਦੇ ਦੋਨੋਂ ਸਮਿਆਂ ਵਿਚ ਬਿਨਾਂ ਕਿਸੇ ਊਚ-ਨੀਚ ਦੇ ਸੰਗਤਾਂ ਕੀਰਤਨ ਕਰਦੀਆਂ ਹਨ ਅਤੇ ਸ਼ਰਧਾਲੂਆਂ ਦੀ ਭੀੜ ਪਾਲਕੀ ਸਾਹਿਬ ਨੂੰ ਮੋਢਾ ਦੇਣ ਦੀ ਵਾਰੀ ਲੈਣ ਲਈ ਉਤਾਵਲੀ ਰਹਿੰਦੀ ਹੈ। ਪਰ ਅਕਾਲ ਤਖ਼ਤ ਸਾਹਿਬ ਜੀ ਦੀ ਹੋਈ ਹਾਨੀ ਕਾਰਨ ਇਹ ਸਾਰ੍ਹੀ ਮਰਯਾਦਾ ਵੀ ਠੱਪ ਪਈ ਹੈ।



www.AKJ.Org

**ਚੌਕੀਆਂ—**

ਉਂਜ ਤਾਂ ਸਵੇਰ ਸਮੇਂ ਦੋ ਅਤੇ ਰਾਤ ਨੂੰ ਸੋਦਰ ਦੇ ਪਾਠ ਪਿੱਛੋਂ ਤਿੰਨ ਚੌਕੀਆਂ ਚੜ੍ਹਦੀਆਂ ਹਨ, ਜੋ ਸ਼ਬਦ ਕੀਰਤਨ ਕਰਦੀਆਂ ਹੋਈਆਂ ਦਰਬਾਰ ਸਾਹਿਬ ਦੀ ਅੰਦਰਲੀ ਅਤੇ ਬਾਹਰਲੀ ਪ੍ਰਕਰਮਾ ਕਰਦੀਆਂ ਹਨ। ਮੁੱਖ ਵੱਡੀ ਚੌਕੀ ਜੋ ਰਾਤ ਨੂੰ ਚੜ੍ਹਦੀ ਹੈ, ਇਸ ਨੂੰ ਬਾਬਾ ਬੁੱਢਾ ਸਾਹਿਬ ਜੀ ਨੇ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਗਵਾਲੀਅਰ ਕਿਲ੍ਹੇ 'ਚੋਂ ਰਿਹਾਈ ਪਿੱਛੋਂ ਦਰਬਾਰ ਸਾਹਿਬ ਆਉਣ ਤੇ ਆਰੰਭ ਕੀਤਾ ਸੀ। ਇਸ ਚੌਕੀ ਦਾ ਇਕ ਮਹੰਤ ਮੁੱਖੀ ਹੁੰਦਾ ਹੈ, ਜਿਸ ਦੀ ਗੱਦੀਨਸ਼ੀਨੀ ਕੀਤੀ ਜਾਂਦੀ ਹੈ ਅਤੇ ਇਸ ਚੌਕੀ ਵਿਚ ੧੦ ਤੋਂ ੧੫ ਤੱਕ ਸ਼ਰਧਾਲੂ ਕੀਰਤਨ ਕਰਦੇ ਹੋਏ ਰੋਜ਼ਾਨਾ ਰਹਿਰਾਸ ਜੀ ਦੇ ਪਾਠ ਪਿੱਛੋਂ ਪ੍ਰਕਰਮਾ ਕਰਦੇ ਹਨ। ਇਹਨਾਂ ਚੋਂ ਇਕ ਦੇ ਹੱਥ ਨਿਸ਼ਾਨ ਸਾਹਿਬ ਅਤੇ ਇਕ ਦੇ ਹੱਥ ਵਿਚ ਮਸ਼ਾਲ ਅਤੇ ਮਹੰਤ ਦੇ ਹੱਥ ਵਿਚ ਵੱਡੀ ਸ੍ਰੀ ਸਾਹਿਬ ਹੁੰਦੀ ਹੈ। ਮਹੰਤ ਰੋਜ਼ਾਨਾ ਇਹ ਸ੍ਰੀ ਸਾਹਿਬ ਅਕਾਲ ਤਖ਼ਤ ਸਾਹਿਬ ਤੋਂ ਲੈਂਦਾ ਹੈ ਅਤੇ ਸਮਾਪਤੀ ਪਿੱਛੋਂ ਮਰਯਾਦਾ ਅਨੁਸਾਰ ਵਾਪਸ ਕਰਦਾ ਹੈ। ਇਸ ਚੌਕੀ ਦੀ ਮਹਾਨਤਾ ਇਹ ਹੈ ਕਿ ਜਦ ਇਹ ਦਰਬਾਰ ਸਾਹਿਬ ਦੀ ਅੰਦਰਲੀ ਪ੍ਰਕਰਮਾ ਵਿਚ ਮੁੱਖ ਦੁਆਰ ਅੱਗੇ ਪੁੱਜਦੀ ਹੈ ਤਾਂ ਦਰਬਾਰ ਸਾਹਿਬ ਵਿਚ ਇਸ ਚੌਕੀ ਦੇ ਸਤਿਕਾਰ ਵਜੋਂ ਕੀਰਤਨ ਬੰਦ ਕਰ ਦਿੱਤਾ ਜਾਂਦਾ ਹੈ ਅਤੇ ਇਸ ਤਰ੍ਹਾਂ ਛੋਟੀ ਪ੍ਰਕਰਮਾ ਕਰਨ ਪਿੱਛੋਂ ਮੁੱਖ ਦਰਵਾਜ਼ੇ ਅੱਗੇ ਵਿਛੀ ਹੋਈ ਚਾਦਰ ਤੇ ਚੌਕੀ ਦਾ ਅਰਦਾਸੀਆ ਅਰਦਾਸ ਕਰਦਾ ਹੈ। ਭਾਵੇਂ ਕਿ ਕਿਸ ਤਰ੍ਹਾਂ ਦਾ ਮੌਸਮ ਕਿਉਂ ਨਾ ਹੋਵੇ, ਇਹ ਚੌਕੀ ਜ਼ਰੂਰ ਚੜ੍ਹਦੀ ਹੈ। ਪਰ ਫ਼ੌਜੀ ਐਕਸ਼ਨ ਪਿੱਛੋਂ ਇਹ ਚੌਕੀ ਵੀ ਬੰਦ ਪਈ ਹੈ ਅਤੇ ਇਸ ਦੇ ਨਾਲ ਹੀ ਦਰਬਾਰ ਸਾਹਿਬ ਜੀ ਦੀ ਦੂਜੀ ਅਤੇ ਤੀਜੀ ਮੰਜ਼ਿਲ ਉੱਤੇ ਕੀਤੇ ਜਾਣ ਵਾਲੇ ਅਖੰਡ ਪਾਠ ਵੀ ਬੰਦ ਹਨ।

—ਅਜੀਤ ੧੬-੯-੮੪

---


## ਪਰਦੇਸੀ ਅਮਾਨਤੀ ਲਾਈਫ਼ ਮੈਂਬਰ ਬਕਾਏ ਛੇਤੀ ਭੇਜਣ

ਫਰਵਰੀ ੧੯੮੪ ਤੋਂ ਪਰਦੇਸ ਲਈ ਡਾਕ ਖ਼ਰਚ ਵਿਚ ਬਹੁਤ ਸਾਰਾ ਵਾਧਾ ਹੋ ਜਾਣ ਕਾਰਨ ਮਜਬੂਰਨ ਪਰਦੇਸੀ ਚੰਦੇ ਆਦਿ ਵਧਾਉਣੇ ਪਏ ਹਨ, ਜੋ ਹੇਠ ਲਿਖੇ ਅਨੁਸਾਰ ਹਨ—

**ਸਮੁੰਦਰੀ ਡਾਕ**—ਚੰਦਾ ਸਭ ਦੇਸਾਂ ਲਈ 35-00 ਅਮਾਨਤੀ ਲਾਈਫ਼ ਮੈਂਬਰ 350-00

**ਹਵਾਈ ਡਾਕ**—ਚੰਦਾ ਅਰਬ ਮਲਾਇਆ ਆਦਿ 5-00, ਯੂ.ਕੇ. ਅਫ਼ਰੀਕਾ 75-00 ਅਤੇ ਕੈਨੇਡਾ ਅਮਰੀਕਾ 90-00 ਸਾਲ

**ਅਮਾਨਤੀ ਲਾਈਫ਼ ਮੈਂਬਰ**— ,, ,, ,, 550-00, ,, ,, 750-0 ,, ,, 900-00

ਅਮਾਨਤੀ ਲਾਈਫ਼ ਮੈਂਬਰ ਉਪਰੋਕਤ ਵਾਧੇ ਅਨੁਸਾਰ ਬਾਕੀ ਰਕਮ ਹੋਰ ਭੇਜਣ ਦੀ ਕਿਰਪਾਲਤਾ ਕਰਨ, ਤਾਕਿ ਉਹ ਰਕਮ ਬੈਂਕ ਵਿਚ ਉਨ੍ਹਾਂ ਦੇ ਲੇਖੇ ਜਮ੍ਹਾ ਹੋਵੇ ਅਤੇ ਉਸ ਦੇ ਸੂਦ ਨਾਲ ਡਾਕ ਦਾ ਵਾਧੂ ਖ਼ਰਚ ਪੂਰਾ ਕੀਤਾ ਜਾ ਸਕੇ। ਦਾਸ-ਮੈਨੇਜਰ

---

## 'ਸੂਰਾ' ਵਲੋਂ ਗੁਰਮਤਿ ਪਰਚਾਰ ਲਈ ਟ੍ਰੈਕਟ ਤੇ ਪੁਸਤਕਾਂ

| | |
|---|---|
| ਪੂਰਬ ਜਨਮ ਕੇ ਮਿਲੇ ਸੰਜੋਗੀ (ਪ੍ਰੋ: ਠਾਕਰ ਸਿੰਘ) | ੪-੦੦ |
| ਭਾ:ਸਾ:ਰਣਧੀਰ ਸਿੰਘ ਸ਼ਤਾਬਦੀ ਅੰਕ (ਸਚਿਤ੍ਰ) | ੨-੫੦ |
| ਰਹਿਤ ਮਰਯਾਦਾ ਅੰਕ | ੨-੦੦ |
| ਗੁਰਸਿਖ ਰਹਿਣੀ (ਪ੍ਰੋ: ਅਮਰਜੀਤ ਕੌਰ) | ੦-੮੦ |
| ਤਉ ਕਿਉ ਮੁਰਗੀ ਮਾਰੈ (ਤਲਵਾੜਾ ਜੀ) | —— |
| HAIR—A Divine Gift | 0-40 |
| Dawn of Divine Wisdom | 0-75 |
| ਪੂਰਬ ਜਨਮ ਕੇ ਮਿਲੇ ਸੰਜੋਗੀ ਜਿਲਦ ਕਪੜਾ | ੭-੦੦ |
| ਖ਼ਾਲਸਾ ਰਹਿਤ ਕੇਸਕੀ (ਦਸਤਾਰ) | ੧-੦੦ |
| ਗੁਰਬਾਣੀ ਦੀ ਪਾਰਸ ਕਲਾ (ਭਾ: ਸਾਹਿਬ ਕ੍ਰਿਤ) | ੦-੭੦ |
| ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ ,, | ੦-੪੦ |
| ਕੀ ਕੇਸ ਰਖਣੇ ਜ਼ਰੂਰੀ ਹਨ ,, | ੦-੫੦ |
| ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ,, | ੦-੫੦ |
| ਗੁਰਮਤਿ ਅਨਹਦ ਸ਼ਬਦ ,, | ੦-੪੫ |
| ਲੜੀਦਾਰ ਸਰੂਪ—ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਟ੍ਰੈਕਟ ਵਲੋਂ ਭਾਈ ਰਾਮ ਸਿੰਘ ਜੀ | ੦-੭੫ |




www.AKJ.Org

# ਭਾਈ ਮਤੀ ਦਾਸ ਜੀ ਦੀ ਸ਼ਹੀਦੀ

ਭਾਈ ਮਤੀ ਦਾਸ ਜੀ ਦੀ ਸ਼ਹੀਦੀ, ਜ਼ੁਲਮ ਦੇ ਬਰਖ਼ਿਲਾਫ਼ ਜੂਝਣ ਲਈ ਸਦਾ ਸੂਰਜ ਵਾਂਗ ਦੁਨੀਆ ਨੂੰ ਚਾਨਣ ਦਿੰਦੀ ਰਹੇਗੀ। ਧਰਮੀ ਪੁਰਸ਼ ਸੱਚੇ ਸਾਹਿਬ ਦੇ ਦਰਬਾਰ ਵਿਚ ਸਨਮਾਨੇ ਜਾਂਦੇ ਹਨ, ਪਰ ਜ਼ੁਲਮ ਕਮਾਣ ਵਾਲੇ ਪਾਪੀਆਂ ਦੁਸ਼ਟਾਂ ਦਾ ਜੋ ਹਸ਼ਰ ਹੁੰਦਾ ਹੈ, ਗੁਰਬਾਣੀ ਉਸ ਨੂੰ ਪਰਤੱਖ ਕਰ ਕੇ ਦਸ ਰਹੀ ਹੈ–

——ਕਬੀਰ ਜੋਰੁ ਕੀਆ ਸੋ ਜੁਲਮ ਹੈ, ਲੇਇ ਜਬਾਬੁ ਖੁਦਾਇ ॥

ਦਫਤਰਿ ਲੇਖਾ ਨੀਕਸੈ, ਮਾਰ ਮੁਹੈ ਮੁਹਿ ਖਾਇ ॥੨੦੦॥ (੧੩੭੫)

——ਪਾਪੀਆ ਨੋ ਨ ਦੇਈ ਥਿਰੁ ਰਹਿਣ, ਚੁਣਿ ਨਰਕ ਘੋਰਿ ਚਾਲਿਅਨੁ ॥ (ਪੰਨਾ ੯੭)

——ਸਭੁ ਕਿਛੁ ਸੁਣਦਾ ਵੇਖਦਾ, ਕਿਉ ਮੁਕਰਿ ਪਾਇਆ ਜਾਇ ॥

ਪਾਪੋ ਪਾਪ ਕਮਾਵਦੇ, ਪਾਪੇ ਪਚਹਿ ਪਚਾਇ ॥ (ਪੰਨਾ ੩੯)

——ਪਾਪ ਕਮਾਣੇ ਛਡਹਿ ਨਾਹੀ, ਲੈ ਚਲੇ ਘਤਿ ਗਲਾਵਿਆ ॥ (ਪੰਨਾ ੪੬੦)

——ਪਾਪੀ ਕਰਮ ਕਮਾਵਦੇ ਕਰਦੇ ਹਾਇ ਹਾਇ ॥

ਨਾਨਕ ਜਿਉ ਮਥਣ ਮਾਧਾਣੀਆ ਤਿਉ ਮਥੇ ਧਰਮਰਾਇ ॥ (ਪੰਨਾ ੧੪੨੫)

ਵਾਹਿਗੁਰੂ ਸਭ ਕੁਝ ਸੁਣਦਾ ਵੇਖਦਾ ਹੈ। ਉਸ ਤੋਂ ਕੁਝ ਗੁਝਾ ਨਹੀਂ ਰਹਿ ਸਕਦਾ, ਕੁਝ ਲੁਕਾਇਆ ਨਹੀਂ ਜਾ ਸਕਦਾ। "ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ।" ਉਸ ਸਚੀ ਦਰਗਾਹ ਵਿਚ ਸਚੋ ਸੱਚ ਨਿਬੜਨਾ ਹੈ। ਉਥੇ ਸੱਚ ਤੇ ਪਰਦਾ ਨਹੀਂ ਪਾਇਆ ਜਾ ਸਕਦਾ। ਅਜਿਹੇ ਝੂਠ ਕਮਾਉਣ ਵਾਲੇ ਕੋਹੜੀਆਂ ਨੂੰ ਅਤੇ ਘੋਰ ਪਾਪੀਆਂ ਨੂੰ ਵਾਹਿਗੁਰੂ ਭਿਆਨਕ ਡਰਾਉਣੇ ਨਰਕਾਂ ਵਲ ਧਕ ਦਿੰਦਾ ਹੈ। ਜ਼ੁਲਮ ਪਾਪ ਕਮਾਉਣ ਵਾਲਿਆਂ ਪਾਪੀਆਂ ਨੂੰ ਧਰਮਰਾਜ ਦਾ ਇਨਸਾਫ਼ ਬਖਸ਼ ਨਹੀਂ ਸਕਦਾ ਅਤੇ ਉਸ ਦੇ ਭੇਜੇ ਜਮਦੂਤ ਉਨ੍ਹਾਂ ਦੇ ਗਲ ਵਿਚ ਰਸੇ ਪਾ ਕੇ ਲੈ ਜਾਂਦੇ ਹਨ ਅਤੇ ਸਚੀ ਕਚਹਿਰੀ ਵਿਚ ਪੇਸ਼ ਕਰਦੇ ਹਨ। ਉਨ੍ਹਾਂ ਪਾਪੀਆਂ ਨੂੰ ਦਿਲ-ਕੰਬਾਊ ਸਜ਼ਾਵਾਂ ਦਿਤੀਆਂ ਜਾਂਦੀਆਂ ਹਨ, ਉਹ ਭੀਹਾਵਲੇ ਨਰਕਾਂ ਦੀ ਅਗਨੀ ਵਿਚ ਸੁਟੇ ਜਾਂਦੇ ਹਨ, ਜਿਥੇ ਉਹ ਤੜਫਦੇ ਤੇ ਹਾਇ ਹਾਇ ਦੀ ਪੁਕਾਰ ਕਰਦੇ ਹਨ।

ਔਰੰਗਜ਼ੇਬ ਨੇ ਹਿੰਦੂਆਂ ਤੇ ਜੋ ਜੋ ਜ਼ੁਲਮ ਢਾਹੇ, ਉਨ੍ਹਾਂ ਕਰਕੇ ਉਹ ਸੱਚੀ ਦਰਗਾਹ ਵਿਚ ਕਿਸੇ ਤਰ੍ਹਾਂ ਵੀ ਬਖ਼ਸ਼ਿਆ ਨਹੀਂ ਜਾ ਸਕਦਾ। ਜ਼ੁਲਮ ਦੀ ਜੜ੍ਹ ਪੁਟਣੇ ਲਈ ਅਤੇ ਤਿਲਕ ਤੇ ਜੰਞੂ ਦੇ ਧਾਰਨੀ ਦੁਖੀ ਤੇ ਦਰਦਵੰਦ ਹਿੰਦੂਆਂ ਦੀ ਦਾਰੀ ਕਰਨ ਲਈ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਆਪਣੇ ਆਪ ਨੂੰ ਪੇਸ਼ ਕਰ ਦਿਤਾ। ਸ੍ਰੀ ਗੁਰੂ ਜੀ ਆਪਣੇ ਪੰਜੇ ਸਾਥੀ ਸਿਖਾਂ ਸਮੇਤ ਆਗਰੇ ਤੋਂ ਦਿੱਲੀ ਲਿਆਂਦੇ ਗਏ। ਸਤਿਗੁਰੂ ਜੀ ਨਾਲ ਜੋ ਪੰਜ ਸਿਖ ਗਏ ਸਨ, ਉਨ੍ਹਾਂ ਵਿਚ ਜਿਥੇ ਭਾਈ ਦਇਆਲਾ ਜੀ ਸਨ, ਜੋ ਬਾਅਦ ਵਿਚ ਦੇਗੇ ਵਿਚ ਬਿਠਾਲ ਕੇ ਉਬਾਲੇ ਗਏ ਸਨ, ਉਨ੍ਹਾਂ ਦੇ ਨਾਲ ਹੀ ਭਾਈ ਮਤੀ ਦਾਸ ਜੀ ਵੀ ਸਨ। ਇਹ ਪੰਜੇ ਹੀ ਸਿਖ ਬੜੀ ਉਚ ਅਵਸਥਾ ਵਾਲੇ ਬ੍ਰਹਮ ਗਿਆਨੀ, ਸੂਰਬੀਰ ਅਤੇ ਬੇਖ਼ੌਫ਼ ਜੋਧੇ ਸਨ, ਜੋ ਵਾਹਿਗੁਰੂ ਜੀ ਦੀ ਭੈ-ਭਾਵਨੀ ਵਿਚ ਵਿਚਰਨ ਵਾਲੇ ਗੁਰੂ ਕੇ ਅਨਿੰਨ ਸਿਖ ਸਨ। ਭਾਈ ਮਤੀਦਾਸ ਜੀ ਬਾਰੇ ਭਾਈ ਕਾਨ੍ਹ ਸਿੰਘ ਜੀ ਨਾਭਾ 'ਮਹਾਨ ਕੋਸ਼' ਵਿਚ ਲਿਖਦੇ ਹਨ–

'**ਮਤੀਦਾਸ**–ਇਹ ਧਰਮਵੀਰ ਆਤਮ-ਗਿਆਨੀ ਸਿੱਖ, ਭਾਈ ਪਰਾਗਾ ਦਾ ਜੇਠਾ ਪੁੱਤਰ ਸੀ। ਸਤਿਗੁਰੂ ਤੇਗ ਬਹਾਦਰ ਸਾਹਿਬ ਨੇ ਭਾਈ ਮਤੀਦਾਸ ਨੂੰ ਆਪਣਾ ਦੀਵਾਨ ਥਾਪਿਆ ਅਰ ਇਹ ਨੌਮੇ ਸਤਿਗੁਰੂ ਜੀ ਨਾਲ ਦਿਲੀ ਵਿਚ ਕੈਦ ਹੋਇਆ ਅਰ ਇਸਲਾਮ ਨਾ ਕਬੂਲ ਕਰਨ ਪੁਰ ਸੰਮਤ ੧੭੩੨ ਬਿਕਰਮੀ (੧੬੭੫ ਈਸਵੀ) ਵਿਚ ਆਰੇ ਨਾਲ ਚਿਰਵਾਇਆ ਗਿਆ। ਭਾਈ ਮਤੀਦਾਸ ਜੀ ਦੇ ਸਿਰ ਪੁਰ ਜਦ ਆਰਾ



www.AKJ.Org

ਚਲ ਰਿਹਾ ਸੀ ਤਦ ਭੀ ਜਪੁ ਸਾਹਿਬ ਦਾ ਪਾਠ ਮੁਖੋਂ ਨਿਕਲਦਾ ਸੀ।''

ਅਤੇ ਭਾਈ ਮਤੀਦਾਸ ਜੀ ਦੇ ਪਿਤਾ ਪਿਤਾਮਾ ਆਦਿ ਬਾਰੇ 'ਮਹਾਨ ਕੋਸ਼' ਵਿਚ ਇਉਂ ਜਾਣਕਾਰੀ ਦਿਤੀ ਹੋਈ ਹੈ—

''**ਪਰਾਗਾ**—ਜ਼ਿਲਾ ਜੇਹਲਮ ਦੇ ਕੜ੍ਹੀਆਲਾ ਪਿੰਡ ਦਾ ਵਸਨੀਕ ਛਿੱਬਰ ਬ੍ਰਾਹਮਣ, ਜੋ ਮਹਾਤਮਾ ਗੌਤਮ ਦਾ ਪੁੱਤਰ ਸੀ। ਇਸ ਨੇ ਗੁਰਸਿਖੀ ਧਾਰਨ ਕਰ ਕੇ ਆਪਣਾ ਜੀਵਨ ਹੋਰਨਾਂ ਲਈ ਨਮੂਨਾ ਬਣਾਇਆ। ਭਾਈ ਪਰਾਗਾ ਗੁਰੂ ਹਰਿ ਗੋਬਿੰਦ ਸਾਹਿਬ ਦੇ ਧਰਮ-ਜੰਗਾਂ ਵਿਚ ਸ਼ਰੀਕ ਹੋਇਆ। ਯਥਾ—

ਜੈਤ ਸੋ ਪਰਾਗਾ ਧੀਰ ਪੈੜਾ ਜੰਗ ਆਯੋ ਹੈ ॥ (ਗੁਰਪ੍ਰਤਾਪ ਸੂਰਯ)

ਇਸ ਆਤਮ-ਗਿਆਨੀ ਅਤੇ ਧਰਮਵੀਰ ਮਹਾਤਮਾ ਦੇ ਚਾਰ ਪੁੱਤਰ ਹੋਏ—

ਭਾਈ ਮਤੀ ਦਾਸ, ਸਤੀ ਦਾਸ, ਜਤੀ ਦਾਸ ਅਤੇ ਸਖੀ ਦਾਸ।''

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਭਾਈ ਮਤੀ ਦਾਸ ਜੀ ਧਰਮਵੀਰ ਅਤੇ ਆਤਮ-ਗਿਆਨੀ ਸਿਖ ਸਨ ਅਤੇ ਇਨ੍ਹਾਂ ਦੇ ਉਚੇ ਸੁਚੇ ਜੀਵਨ ਸਦਕਾ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਆਪ ਨੂੰ ਆਪਣਾ ਦੀਵਾਨ ਥਾਪਿਆ ਸੀ।

ਸਤਿਗੁਰੂ ਸੱਚੇ ਪਾਤਸ਼ਾਹ ਉਤੇ ਔਰੰਗਜ਼ੇਬ ਦੇ ਹੁਕਮ ਨਾਲ ਜਦ ਕਿਸੇ ਲਾਲਚ, ਡਰ ਭਉ ਆਦਿ ਦਾ ਅਸਰ ਨਾ ਹੋਇਆ ਅਤੇ ਕਿਸੇ ਤਰ੍ਹਾਂ ਵੀ ਉਨ੍ਹਾਂ ਨੂੰ ਦੀਨਿ-ਇਲਾਹੀ ਕਬੂਲ ਕਰਨ ਲਈ ਮਨਾ ਨਾ ਸਕੇ ਤਾਂ ਉਨ੍ਹਾਂ ਨੂੰ ਕੋਈ ਕਰਾਮਾਤ ਦਿਖਾਉਣ ਲਈ ਕਿਹਾ ਗਿਆ।

ਦਸਮ ਪਾਤਸ਼ਾਹ ਜੀ ਨੇ ਬਚਿਤ੍ਰ ਨਾਨਕ ਦੇ ਪੰਜਵੇਂ ਅਧਿਆਇ ਵਿਚ ਨੌਵੇਂ ਸਤਿਗੁਰੂ ਜੀ ਦਾ ਹੇਠ ਲਿਖਿਆ ਉਤਰ ਲਿਖਿਆ ਹੈ—

ਨਾਟਕ ਚੇਟਕ ਕੀਏ ਕੁਕਾਜਾ ॥
ਪ੍ਰਭ ਲੋਗਨ ਕਹ ਆਵਤ ਲਾਜਾ ॥੧੪॥

ਅੰਤ ਦੁਸ਼ਟਾਂ ਨੇ ਆਪ ਜੀ ਨੂੰ ਲੋਹੇ ਦੇ ਪਿੰਜਰੇ ਵਿਚ ਬੰਦ ਕਰ ਕੇ ਉਨ੍ਹਾਂ ਦੇ ਸਬਰ ਨੂੰ ਅਜ਼ਮਾਉਣਾ ਚਾਹਿਆ।

ਭਾਈ ਮਤੀ ਦਾਸ ਜੀ ਮਹਾਨ ਉਚ ਅਵਸਥਾ ਵਿਚ ਵਿਚਰਨ ਵਾਲੇ ਬ੍ਰਹਮ ਗਿਆਨੀ ਸੂਰਬੀਰ ਸਨ। ਪਰ ਸੱਚੇ ਪਾਤਸ਼ਾਹ ਜੀ ਨੂੰ ਇਸ ਅਵਸਥਾ ਵਿਚ ਵੇਖ ਕੇ ਆਪ ਦਾ ਬੈਰਾਗ ਛੁਟ ਪਿਆ। ਅੱਖਾਂ ਵਿਚੋਂ ਛਮਾ ਛਮ ਜਲ ਚਲ ਪਿਆ। ਭਾਈ ਸਾਹਿਬ ਜੀ ਪਾਸੋਂ ਸਤਿਗੁਰੂ ਜੀ ਨੂੰ ਪਿੰਜਰੇ ਵਿਚ ਬੰਦ ਹੋਇਆ ਵੇਖਿਆ ਨਾ ਜਾ ਸਕਿਆ। ਆਪ ਜ਼ਾਲਮਾਂ ਦੀ ਇਸ ਅਤਿ ਮੰਦੀ ਕਰਤੂਤ ਅਤੇ ਭਿਆਨਕ ਜ਼ੁਲਮ ਨੂੰ ਵੇਖ ਕੇ ਆਪੇ ਤੋਂ ਬਾਹਰ ਹੋ ਗਏ। ਗੁਰੂ ਪਾਤਸ਼ਾਹ ਦੇ ਚਰਨਾਂ ਵਿਚ ਜੋਦੜੀ ਕੀਤੀ, ''ਪਾਤਸ਼ਾਹ! ਮੈਂ ਇਹ ਕੁਝ ਦੇਖ ਨਹੀਂ ਸਕਦਾ, ਮੈਨੂੰ ਆਗਿਆ ਦਿਓ ਕਿ ਦਿੱਲੀ ਤੇ ਲਾਹੌਰ ਦੀ ਇੱਟ ਨਾਲ ਇੱਟ ਖੜਕਾ ਦਿਆਂ।'' ਸੱਚੇ ਪਾਤਸ਼ਾਹ ਨੇ ਭਾਈ ਸਾਹਿਬ ਨੂੰ ਪਿਆਰ ਕੀਤਾ ਅਤੇ ਧੀਰਜ ਦਿੰਦਿਆਂ ਇਸ ਭਾਵ ਦੇ ਬਚਨ ਕਹੇ—

ਮੀਤੁ ਕਰੈ ਸੋਈ ਹਮ ਮਾਨਾ ॥ ਮੀਤ ਕੇ ਕਰਤਬ ਕੁਸਲ ਸਮਾਨਾ ॥੧॥

—ਗਉੜੀ ਮਹਲਾ ੫, ਪੰਨਾ ੧੧੮੭-੮੮

ਅਤੇ— ਉਲਾਹਨੋ ਮੈ ਕਾਹੂ ਨ ਦੀਓ ॥ ਮਨ ਮੀਠ ਤੁਹਾਰੋ ਕੀਓ ॥੧॥ਰਹਉ॥

—ਨਟ ਨਰਾਇਨ ਮਹਲਾ ੫, ਪੰਨਾ ੯੭੮

ਭਾਈ ਮਤੀ ਦਾਸ ਜੀ ਹੁਣ ਸਹਿਜ ਵਿਚ ਟਿਕ ਗਏ ਅਤੇ ਅਕਾਲ ਪੁਰਖ ਦੇ ਹੁਕਮ-ਰਜਾਈ ਵਿਚਰਨ ਵਿਚ ਹੀ ਸੁਖ ਜਾਣਿਆ। ਪਰ ਭਾਈ ਸਾਹਿਬ ਦੇ ਉਪਰੋਕਤ ਬਚਨ ਰਖਵਾਲੇ ਦੂਤਾਂ ਨੇ ਸੁਣ ਲਏ ਸਨ। ਉਨ੍ਹਾਂ ਨੇ ਕਾਜ਼ੀਆਂ ਆਦਿ ਦੇ ਜਾ ਕੰਨ ਭਰੇ। ਹੁਕਮ ਅਨੁਸਾਰ ਭਾਈ ਮਤੀ ਦਾਸ ਜੀ ਨੂੰ ਕਚਹਿਰੀ ਵਿਚ ਪੇਸ਼ ਕੀਤਾ ਗਿਆ


www.AKJ.Org

ਅਤੇ ਉਨ੍ਹਾਂ ਨੂੰ ਕਰਾਮਾਤ ਕਰ ਵਿਖਾਣ ਲਈ ਵੰਗਾਰਿਆ ਗਿਆ ਤਾਂ ਆਪ ਜੀ ਹੋਰ ਗੰਭੀਰ ਹੋ ਗਏ। ਬਾਰ ਬਾਰ ਮਜਬੂਰ ਕਰਨ ਅਤੇ ਬੁਰਾ ਭਲਾ ਕਹਿਣ ਤੇ ਇੰਨਾ ਹੀ ਕਿਹਾ ਕਿ ਸਤਿਗੁਰੂ ਜੀ ਵਲੋਂ ਅਜਿਹਾ ਕਰਨ ਦੀ ਆਗਿਆ ਨਹੀਂ।

ਜਦੋਂ ਕਾਜ਼ੀ ਕਰਾਮਾਤ ਵਿਖਾਉਣ ਵਾਲੀ ਗੱਲ ਵਿਚ ਕਿਸੇ ਤਰ੍ਹਾਂ ਵੀ ਸਫਲ ਨਾ ਹੋਏ ਤਾਂ ਭਾਈ ਸਾਹਿਬ ਨੂੰ ਕਈ ਤਰ੍ਹਾਂ ਦੇ ਲਾਲਚ ਦਿਖਾਏ ਗਏ, ਬਾਦਸ਼ਾਹੀ ਐਸ਼ਵਰਜ ਤੇ ਕਈ ਤਰ੍ਹਾਂ ਦੇ ਸੁਖ ਸਾਹਮਣੇ ਰਖੇ ਗਏ ਕਿ ਦੀਨਿ-ਇਲਾਹੀ ਕਬੂਲ ਕਰ ਲਵੇਂ ਤਾਂ ਹੂਰਾਂ ਅਤੇ ਇਹ ਸਾਰੇ ਸੁਖ ਤੈਨੂੰ ਦਿਤੇ ਜਾਣਗੇ। ਪਰ ਭਾਈ ਸਾਹਿਬ ਨੇ ਸਭ ਕੁਝ ਸੁਣ ਕੇ, ਉਨ੍ਹਾਂ ਦੇ ਦਸੇ ਸੁਖਾਂ ਤੇ ਥੁਕ ਦਿਤਾ ਅਤੇ ਕਿਹਾ ਕਿ ਗੁਰੂ ਪਾਤਸ਼ਾਹ ਦੇ ਚਰਨਾਂ ਵਿਚ ਟਿਕੇ ਰਹਿਣ ਦਾ ਜੋ ਅਨੰਦ ਹੈ, ਉਸ ਦੇ ਸਾਹਮਣੇ ਦੁਨੀਆ ਦੀਆਂ ਬਾਦਸ਼ਾਹੀਆਂ ਹੇਚ ਹਨ—

ਜੋ ਸੁਖੁ ਪ੍ਰਭ ਗੋਬਿੰਦ ਕੀ ਸੇਵਾ, ਸੋ ਸੁਖੁ ਰਾਜਿ ਨ ਲਹੀਐ ॥ (ਪੰਨਾ ੩੯੬)

ਅਤੇ—ਓਹਾ ਪ੍ਰੇਮ ਪਿਰੀ ॥੧॥ਰਹਾਉ॥

ਕਨਿਕ ਮਾਣਿਕ ਗਜ ਮੋਤੀਅਨ ਲਾਲਨ, ਨਹ ਨਾਹ ਨਾਹੀ ॥੧॥
ਰਾਜ ਨ ਭਾਗ ਨ ਹੁਕਮ ਨ ਸਾਦਨ ॥ ਕਿਛੁ ਕਿਛੁ ਨ ਚਾਹੀ ॥੨॥
ਚਰਨਨ ਸਰਨਨ ਸੰਤਨ ਬੰਦਨ ॥ ਸੁਖੋ ਸੁਖੁ ਪਾਹੀ॥ਨਾਨਕ ਤਪਤਿ ਹਰੀ॥ਮਿਲੇ ਪ੍ਰੇਮ ਪਿਰੀ॥੩॥੩॥੧੪੩॥

ਆਸਾ ਮਹਲਾ ੫, ਪੰਨਾ ੪੦੬-੦੭

ਜਦੋਂ ਭਾਈ ਮਤੀ ਦਾਸ ਜੀ ਨੇ ਸੰਤ-ਸਤਿਗੁਰਾਂ ਦੇ ਚਰਨਾਂ ਦੀ ਪ੍ਰੀਤੀ ਤੋਂ ਬਿਨਾਂ ਸੋਨਾ, ਮੋਤੀ ਹੀਰੇ ਲਾਲਾਂ ਨੂੰ, ਹਾਥੀਆਂ ਘੋੜਿਆਂ ਅਤੇ ਰਾਜ ਭਾਗ ਦੇ ਹੁਕਮ-ਪ੍ਰਾਪਤ ਹੋਣ ਨੂੰ ਪ੍ਰਾਪਤ ਕਰਨ ਤੋਂ ਇਨਕਾਰ ਕਰ ਦਿਤਾ ਤਾਂ ਫਿਰ ਮੁਗਲ ਸ਼ਾਹੀ ਦੇ ਜਰਵਾਣੇ, ਭਾਈ ਸਾਹਿਬ ਨੂੰ ਦਮ-ਦਿਲਾਸਾ ਦੇ ਕੇ ਪ੍ਰੇਰਨ ਲਗੇ, "ਇਹ ਤੇਰੀ ਸੋਹਣੀ ਛੈਲ-ਛਬੀਲੀ ਜਵਾਨੀ, ਤੇ ਤੂੰ ਇਸ ਗੁਰੂ ਦੇ ਮਗਰ ਲਗ ਕੇ ਕੀ ਲੈਣਾ ਹੈ? ਕਿਉਂ ਇਹ ਬਾਂਕੀ ਜਵਾਨੀ ਭੰਗ ਦੇ ਭਾੜੇ ਗੁਆ ਰਿਹਾ ਹੈਂ?" ਤਾਂ ਭਾਈ ਸਾਹਿਬ ਜੀ ਦੇ ਅੰਦਰੋਂ ਇਸ ਤਰ੍ਹਾਂ ਦੀ ਹੂਕ ਨਿਕਲੀ—

ਜੋਬਨ ਜਾਂਦੇ ਨਾ ਡਰਾਂ ਜੇ ਸਹ ਪ੍ਰੀਤਿ ਨ ਜਾਇ ॥ (੧੩੭੯)
ਅਤੇ—ਪ੍ਰੀਤਿ ਪ੍ਰੇਮ ਤਨੁ ਖਚਿ ਰਹਿਆ, ਬੀਚੁ ਨ ਰਾਈ ਹੋਤ ॥
ਚਰਨ ਕਮਲ ਮਨੁ ਬੇਧਿਓ, ਬੂਝਨੁ ਸੁਰਤਿ ਸੰਜੋਗ ॥ (੧੩੬੩-੬੪)

ਜਦੋਂ ਇਸ ਪ੍ਰੀਤ ਵਲੋਂ ਮੁੜ ਮੁੜ ਰੋਕਣ ਤੋਂ ਉਹ ਟਲਦੇ ਨਾ ਦਿਸੇ ਤਾਂ ਕਬੀਰ ਜੀ ਦੇ ਇਸ ਸਲੋਕ ਦੇ ਭਾਵ ਅਨੁਸਾਰ ਕੂਕ ਉਠੇ—

ਕਬੀਰ ਲਾਗੀ ਪ੍ਰੀਤਿ ਸੁਜਾਨ ਸਿਉ ਵਰਜੈ ਲੋਗੁ ਅਜਾਨੁ ॥
ਤਾ ਸਿਉ ਟੂਟੀ ਕਿਉ ਬਨੈ ਜਾ ਕੇ ਜੀਅ ਪਰਾਨ ॥੨੧੭॥ (੧੩੭੬)

ਅਗਿਆਨਤਾ ਚਿ ਅੰਨ੍ਹੇ ਹੋਏ ਕਾਜ਼ੀ ਇਸ ਪ੍ਰੀਤ-ਖੇਡ ਨੂੰ ਕੀ ਸਮਝਣ? ਜਦੋਂ ਉਹ ਕਿਸੇ ਤਰ੍ਹਾਂ ਵੀ ਭਾਈ ਸਾਹਿਬ ਨੂੰ ਦੀਨਿ-ਇਲਾਹੀ ਵਿਚ ਲਿਆਉਣ ਲਈ ਸਫਲ ਨਾ ਹੋ ਸਕੇ ਤਾਂ ਉਨ੍ਹਾਂ ਨੇ ਭਾਰੀ ਕਸ਼ਟ ਦੇ ਕੇ ਭਾਈ ਸਾਹਿਬ ਨੂੰ ਮਾਰਨ ਦਾ ਮਤਾ ਪਕਾਇਆ। ਫ਼ੈਸਲਾ ਸੁਣਾ ਦਿਤਾ ਕਿ ਇਸ ਨੂੰ ਸ਼ਕੰਜੇ ਵਿਚ ਕਸ ਕੇ ਆਰੇ ਨਾਲ ਦੁਫਾੜ ਚੀਰ ਕੇ ਖ਼ਤਮ ਕਰ ਦਿਤਾ ਜਾਏ ਅਤੇ ਗੁਰੂ ਦੀ ਪ੍ਰੀਤਿ ਦਾ ਪੂਰੀ ਤਰ੍ਹਾਂ ਮਜ਼ਾ ਚਖਾਇਆ ਜਾਏ।

ਸੱਚੇ ਆਸ਼ਕ ਇਨ੍ਹਾਂ ਦੁਖਾਂ-ਮੁਸੀਬਤਾਂ ਨੂੰ ਆਪਣੇ ਪਿਆਰੇ ਦੀ ਪ੍ਰੀਤ ਦੇ ਮੁਕਾਬਲੇ ਤੇ ਤੁਛ ਸਮਝਦੇ ਹਨ। ਉਨ੍ਹਾਂ ਦੇ ਅੰਦਰ ਇਕੋ ਲਿਲ ਹੁੰਦੀ ਹੈ ਕਿ "ਹੀਏ ਕੋ ਪ੍ਰੀਤਮੁ ਬਿਸਰਿ ਨ ਜਾਇ।" ਅਤੇ "ਪ੍ਰੀਤਮ ਪ੍ਰਾਨ ਭਏ ਸੁਨਿ ਸਜਨੀ" ਦਾ ਹੀ ਉਹ ਰਾਗ ਅਲਾਪਦੇ ਹਨ। ਪੀਰ ਤੇ ਮੁਰੀਦ ਦੀ ਪ੍ਰੀਤ ਦਾ ਬਿਆਨ ਭਾਈ ਗੁਰਦਾਸ ਜੀ ਨੇ ੨੭ਵੀਂ ਵਾਰ ਵਿਚ ਅਨੇਕਾਂ ਦ੍ਰਿਸ਼ਟਾਂਤ ਦੇ ਕੇ ਕੀਤਾ ਹੈ। ਪਹਿਲੀ ਪਉੜੀ ਵਿਚ ਹੀ ਦੁਨਿਆਵੀ ਆਸ਼ਕਾਂ



www.AKJ.Org

ਦੀ ਸੱਚੀ ਪ੍ਰੀਤੀ ਦਾ ਜ਼ਿਕਰ ਕਰਦੇ ਹੋਏ ਫੁਰਮਾਂਦੇ ਹਨ—

ਲੇਲਾ ਮਜਨੂੰ ਆਸ਼ਕੀ ਚਹੁ ਚਕੀ ਜਾਤੀ ॥
ਸੋਰਠਿ ਬੀਜਾ ਗਾਵੀਐ ਜਸੁ ਸੁਘੜਾ ਵਾਤੀ ॥
ਸਸੀ ਪੁੰਨੂੰ ਦੋਸਤੀ ਹੁਇ ਜਾਤਿ ਅਜਾਤੀ ॥
ਮਹੀਂਵਾਲ ਨੋ ਸੋਹਣੀ ਨੈਂ ਤਰਦੀ ਰਾਤੀ ॥
ਰਾਂਝਾ ਹੀਰ ਵਖਾਣੀਐ ਓਹੁ ਪਿਰਮ ਪਰਾਤੀ ॥
ਪੀਰ ਮੁਰੀਦਾ ਪਿਰਹੜੀ ਗਾਵਨਿ ਪਰਭਾਤੀ ॥੧॥ (੨੭)

ਇਨ੍ਹਾਂ ਦੁਨਿਆਵੀ ਆਸ਼ਕਾਂ ਨੇ ਸੱਚੀ ਪ੍ਰੀਤੀ ਦੇ ਜੋ ਪੂਰਨੇ ਪਾਏ ਹਨ, ਉਹ ਅਮਿਟ ਹਨ। ਮਹੀਂਵਾਲ ਨਾਲ ਪ੍ਰੀਤੀ ਨਿਭਾਉਣ ਖ਼ਾਤਰ ਸੋਹਣੀ ਰਾਤ ਨੂੰ ਨਦੀ ਤਰ ਕੇ ਪਾਰਲੇ ਕੰਢੇ ਪਿਆਰੇ ਦੀ ਝੁੱਗੀ ਵਿਚ ਨਿਤ ਪੁਜਦੀ। ਇਕ ਰਾਤ ਕਿਸੇ ਦੋਖੀ ਨੇ ਪੱਕੇ ਦੀ ਥਾਂ ਕੱਚਾ ਘੜਾ ਰਖ ਦਿਤਾ, ਤਾਂ ਘੜਾ ਦਰਿਆ ਦੇ ਪਾਣੀ ਵਿਚ ਖੁਰ ਗਿਆ। ਸੋਹਣੀ ਦਰਿਆ-ਭੇਟ ਹੋਣ ਲਗੀ ਉਚੀ ਕੂਕ ਉਠੀ—

ਬੋੜ ਵੇ ਪਾਣੀਆ ਬੋੜ, ਕੀ ਬੋੜੇਂ ਮਾਸ ਤੇ ਹਡੀਆਂ।
ਇਹ ਜੀਉ ਵੈਸੀ ਤੋੜ ਜਿਥੇ ਪ੍ਰੇਮ-ਤਣਾਵਾਂ ਗਡੀਆਂ।

ਆਸ਼ਕਾਂ ਦੇ ਅੰਦਰੇ, ਪਿਆਰੇ ਦੀ ਪ੍ਰੀਤ ਵਿਚ ਖਚਤ ਹੁੰਦੇ ਹਨ। ਉਥੇ ਸਰੀਰਕ ਪ੍ਰੀਤਾਂ ਦੀ ਕੋਈ ਖਿਚ ਨਹੀਂ ਹੁੰਦੀ। ਸੋਹਣੀ ਪੁਕਾਰ ਰਹੀ ਹੈ ਕਿ ਮੇਰੇ ਸਰੀਰ ਦੀਆਂ ਮਾਸ ਤੇ ਹੱਡੀਆਂ ਤਾਂ ਪਾਣੀ ਵਿਚ ਡੁੱਬ ਸਕਦੀਆਂ ਹਨ, ਪਰ ਮੇਰੇ ਅੰਦਰ ਪਿਆਰੇ ਲਈ ਜੋ ਪ੍ਰੀਤ ਹੈ, ਉਸ ਨੂੰ ਕੋਈ ਡੋਬ ਨਹੀਂ ਸਕਦਾ। ਇਹ ਮੇਰੀ ਪ੍ਰੀਤ ਤੋੜ ਨਿਭੇਗੀ।

ਅਖ਼ੀਰ ਭਾਈ ਮਤੀਦਾਸ ਜੀ ਨੂੰ ਪੁਛਿਆ ਗਿਆ ਕਿ ਤੇਰੀ ਕੋਈ ਆਖ਼ਰੀ ਤਮੰਨਾ ਹੈ ਤਾਂ ਦਸ। ਭਾਈ ਸਾਹਿਬ ਕਹਿਣ ਲਗੇ ਕਿ ਜੇ ਤੁਸੀਂ ਮੇਰੀ ਆਖ਼ਰੀ ਇੱਛਾ ਪੂਰੀ ਕਰ ਦੇਵੋ ਤਾਂ ਬਹੁਤ ਮਿਹਰਬਾਨੀ। ਕਾਜ਼ੀਆਂ ਨੇ ਬੜੀ ਉਤਸੁਕਤਾ ਨਾਲ ਪੁਛਿਆ, "ਹਾਂ, ਭਾਈ ਦਸ, ਤੇਰੀ ਕੀ ਖ਼ਾਹਸ਼ ਹੈ?" ਉਤਰ ਵਿਚ ਭਾਈ ਸਾਹਿਬ ਇਉਂ ਗੁਣਗੁਣਾਉਣ ਲਗੇ—

ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ ॥
ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ ॥੨॥੩॥ (੮੩)

ਸਜਣੋ, ਜੇ ਮਿਹਰਵਾਨ ਹੋਏ ਹੋ ਤਾਂ ਮੇਰੇ ਪਿਆਰੇ ਗੁਰੂ ਦੇ ਦਰਸ਼ਨ ਆਖ਼ਰੀ ਸੁਆਸਾਂ ਤਕ ਕਰਾ ਦਿਓ, ਮੈਨੂੰ ਉਨ੍ਹਾਂ ਦੇ ਪਿੰਜਰੇ ਦੇ ਸਾਹਮਣੇ ਰਖ ਕੇ ਜਿਵੇਂ ਜੀਅ ਕਰੇ, ਮਾਰੋ। ਮੇਰੀ ਸਾਰੀ ਖੁਸ਼ੀ ਇਸੇ ਵਿਚ ਹੀ ਹੈ।"

ਕਾਜ਼ੀ ਤਾਂ ਅਗੇ ਹੀ ਇਹੋ ਚਾਹੁੰਦੇ ਸਨ ਕਿ ਗੁਰੂ ਵਾਲਾ ਪਿੰਜਰਾ ਉਥੇ ਰਖਿਆ ਜਾਵੇ, ਜਿਥੋਂ ਕਿ ਮਤੀਦਾਸ ਨੂੰ ਆਰੇ ਨਾਲ ਚੀਰਿਆ ਜਾ ਰਿਹਾ ਦਿਸਦਾ ਹੋਵੇ, ਤਾਕਿ ਉਸ ਦੇ ਕਸ਼ਟ ਅਤੇ ਲਹੂ ਦੀਆਂ ਵਰਦੀਆਂ ਤਤੀਰੀਆਂ ਵੇਖ ਕੇ ਗੁਰੂ ਮੋਮ ਹੋ ਜਾਵੇ, ਅਤੇ ਆਪਣਾ ਹੱਠ ਛਡ ਕੇ ਦੀਨਿ-ਇਲਾਹੀ ਵਲ ਪ੍ਰੇਰਿਆ ਜਾਵੇ।

ਕੋਤਵਾਲੀ ਦੇ ਸਾਹਮਣੇ ਫੁਹਾਰੇ ਵਾਲੀ ਥਾਂ ਤੇ ਭਾਈ ਮਤੀ ਦਾਸ ਜੀ ਨੂੰ ਸ਼ਕੰਜੇ ਵਿਚ ਕਸ ਕੇ ਖੜਾ ਕੀਤਾ ਗਿਆ। ਮੌਤ ਦਾ ਇਹ ਭਿਆਨਕ ਤਮਾਸ਼ਾ ਦੇਖਣ ਲਈ ਲੁਕਾਈ ਦੂਰ ਦੂਰ ਤਕ ਖਲੋਤੀ ਵੇਖ ਰਹੀ ਸੀ। ਕਾਜ਼ੀਆਂ ਦਾ ਖ਼ਿਆਲ ਸੀ ਕਿ ਆਰੇ ਦੇ ਚੰਦ ਦੰਦੇ ਹੀ ਜਦ ਸਿਰ ਵਿਚ ਫਿਰਨਗੇ ਅਤੇ ਖ਼ੂਨ ਦੇ ਫੁਹਾਰੇ ਛੁਟਣਗੇ ਤਾਂ ਭਾਈ ਜੀ ਨੂੰ ਹੋਸ਼ ਆ ਜਾਏਗੀ, ਅਤੇ ਛੁਟਕਾਰਾ ਪਾਉਣ ਲਈ ਤਰਲੇ ਕਢਣਗੇ। ਪਰ ਉਹ ਵਿਚਾਰੇ ਕੀ ਜਾਣਨ ਇਲਾਹੀ ਰਮਜ਼ਾਂ ਨੂੰ। ਇਲਾਹੀ ਬੰਦੇ ਉਸ ਦਾ ਜਾਪ ਕਰ ਕਰ ਕੇ ਉਸ ਨਾਲ ਇਕ-ਮਿਕ ਹੋ ਜਾਂਦੇ ਹਨ। ਆਤਮ-ਰਸ ਭੁੰਚਣ ਵਾਲੇ ਬ੍ਰਹਮ ਗਿਆਨੀ ਧਰਤੀ ਵਾਂਗ ਮਹਾਨ ਧੀਰਜਵਾਨ ਹੋ ਜਾਂਦੇ ਹਨ, ਭਾਵੇਂ ਕੋਈ ਉਸ ਨੂੰ ਪੁਟ ਪੁਟ ਕੇ ਨਾਸ ਕਰਦਾ ਫਿਰੇ ਤੇ ਭਾਵੇਂ ਕੋਈ ਉਸ ਤੇ ਚੰਦਨ ਦਾ ਲੇਪ ਦੇਂਦਾ ਫਿਰੇ। ਉਹ ਬ੍ਰਹਮ ਦੇ ਧਿਆਨੀ ਹੋ ਕੇ ਹਰ ਵਕਤ ਪਾਰਬ੍ਰਹਮ ਦੇ ਸੰਗ-ਸਾਥ ਵਸਦੇ ਹਨ ਅਤੇ ਉਨ੍ਹਾਂ ਦਾ ਉਸ ਪ੍ਰੇਮ-ਪ੍ਰੀਤੀ ਨਾਲ ਤਨ ਮਨ ਐਸਾ ਵਿਗਸਿਆ ਹੁੰਦਾ ਹੈ, ਐਸਾ ਸੁਖ ਪ੍ਰਾਪਤ ਹੁੰਦਾ ਹੈ ਕਿ ਵਡੇ ਤੋਂ ਵਡੇ ਦੁਨੀਆਵੀ ਦੁਖ, ਕੰਡੇ ਦੀ ਮਮੂਲੀ ਚੋਭ ਵਾਂਗ ਬੇਗੌਲੇ ਹੀ ਲੰਘ


www.AKJ.Org

ਜਾਂਦੇ ਹਨ। ਦੁਨੀਆਵੀ ਬੰਦੇ ਐਸੇ ਮਹਾਂ ਪੁਰਸ਼ਾਂ ਦੀ ਉਚ ਅਵਸਥਾ ਨੂੰ ਕਿਵੇਂ ਜਾਣ ਸਕਦੇ ਹਨ ? ਉਹ ਤਾਂ ਦੇਹੋਂ ਬਦੇਹ ਹੋ ਕੇ ਪਰਮਾਤਮਾ ਦਾ ਰੂਪ ਹੀ ਹੋ ਜਾਂਦੇ ਹਨ।

ਆਤਮ-ਗਿਆਨੀ ਭਾਈ ਮਤੀ ਦਾਸ ਜੀ ਦੇ ਸਰੀਰ ਤੇ ਆਰਾ ਫਿਰ ਰਿਹਾ ਹੈ, ਲਹੂ ਦੇ ਪਰਨਾਲੇ ਚੁਪਾਸੀਂ ਵਗ ਰਹੇ ਹਨ, ਦੁਨੀਆ ਤ੍ਰਾਹ ਤ੍ਰਾਹ ਕਰ ਰਹੀ ਹੈ, ਸਭ ਭੈ-ਭੀਤ ਹੋ ਰਹੇ ਹਨ ਅਤੇ ਮੌਤ ਦਾ ਭਿਆਨਕ ਰੂਪ ਹਰ ਹਿਰਦੇ ਨੂੰ ਕੰਬਾ ਰਿਹਾ ਹੈ। ਪਰ ਇਧਰ ਹਨ ਧਰਮਵੀਰ ਆਤਮ ਗਿਆਨੀ ਭਾਈ ਮਤੀ ਦਾਸ ਜੀ, ਜੋ ਨਾਮ-ਰੰਗਾਂ ਵਿਚ ਵਿਗਸ ਰਹੇ ਹਨ, ਸਤਿਗੁਰੂ ਦੇ ਸਨਮੁਖ ਦਰਸ਼ਨ ਕਰ ਕਰ ਕੇ ਅਨੰਦਤ ਹੋ ਰਹੇ ਹਨ। ਆਰਾ ਫਿਰਨਾ ਸ਼ੁਰੂ ਹੋਇਆ ਤਾਂ ਜਪੁ ਜੀ ਦਾ ਪਾਠ ਅਰੰਭ ਹੋ ਗਿਆ ਅਤੇ ਆਰੇ ਨੇ ਆਪਣਾ ਕੰਮ ਮੁਕਾਇਆ ਤਾਂ ਜਪੁ ਜੀ ਦੇ ਆਖ਼ਰੀ ਸਲੋਕ ਦੀਆਂ ਆਖਰੀ ਤੁਕਾਂ ਪੁਲਾੜ ਵਿਚ ਗੂੰਜ ਰਹੀਆਂ ਸਨ—

ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥

ਇਉਂ ਗੁਰੂ ਕਾ ਪਿਆਰਾ ਸਿਖ, ਗੁਰੂ-ਚਰਨਾਂ ਵਿਚ ਰਤਾ ਹੋਇਆ ਆਪਣਾ ਆਪ ਨਿਛਾਵਰ ਕਰ ਗਿਆ ਅਤੇ ਆਪਣੀ ਜੋਤਿ ਨੂੰ ਅਕਾਲ ਪੁਰਖ ਦੀ ਜੋਤਿ ਵਿਚ ਇਉਂ ਲੀਨ ਕਰ ਗਿਆ—

ਜਿਉ ਜਲ ਮਹਿ ਜਲੁ ਆਇ ਖਟਾਨਾ॥ ਤਿਉ ਜੋਤੀ ਸੰਗਿ ਜੋਤਿ ਸਮਾਨਾ॥੮॥੧੧॥

ਅੱਜ ਭਾਈ ਮਤੀ ਦਾਸ ਜੀ ਦੇ ਸ਼ਹੀਦੀ ਅਸਥਾਨ ਤੇ ਇਕ ਵਿਸ਼ਾਲ ਫੁਹਾਰਾ ਸੁਸ਼ੋਭਤ ਹੈ ਅਤੇ ਉਸ ਚੌਕ ਦਾ ਨਾਂ ਭਾਈ ਮਤੀਦਾਸ ਚੌਕ ਕਰ ਕੇ ਪੁਕਾਰਿਆ ਜਾਂਦਾ ਹੈ। ਸਿਖ ਕੌਮ ਦੀ ਮੰਗ ਹੈ ਕਿ ਇਸ ਸਥਾਨ ਤੇ ਮਹਾਨ ਸ਼ਹੀਦ ਦੀ ਯਾਦ ਵਿਚ ਆਲੀਸ਼ਾਨ ਗੁਰਦੁਆਰਾ ਬਣਾਇਆ ਜਾਵੇ। ਹਕੂਮਤ ਦਾ ਫਰਜ਼ ਬਣਦਾ ਹੈ ਕਿ ਦੂਜੇ ਧਰਮਾਂ ਲਈ ਘੋਰ ਤੇ ਭਿਆਨਕ ਕਸ਼ਟ ਝਲ ਕੇ ਬਲੀਦਾਨ ਦੇਣ ਵਾਲੇ ਇਸ ਮਹਾਨ ਸ਼ਹੀਦ ਦੀ ਸਦੀਵੀ ਯਾਦਗਾਰ ਲਈ ਇਹ ਸਮੁਚਾ ਅਸਥਾਨ ਸਿਖ ਕੌਮ ਦੇ ਹਵਾਲੇ ਕਰ ਦਿਤਾ ਜਾਵੇ ਅਤੇ ਸੜਕ ਦਾ ਪਰਬੰਧ ਕਿਸੇ ਹੋਰ ਪਾਸੇ ਕਰ ਲਿਆ ਜਾਵੇ।

ਭਾਈ ਮਤੀਦਾਸ ਦੀ ਕੀਰਤੀ ਸਾਰੇ ਸੰਸਾਰ ਵਿਚ ਸਦਾ ਉਜਾਗਰ ਰਹੇਗੀ। ਪਰ ਦੂਜੇ ਪਾਸੇ ਜ਼ਾਲਮ ਹਤਿਆਰੇ ਹਨ, ਜੋ ਸਦਾ ਹੀ ਫਿਟਕਾਰੇ ਜਾਣਗੇ। ਗੁਰਬਾਣੀ ਵੀ ਅਜਿਹੇ ਪਾਪੀਆਂ ਦੁਸ਼ਟਾਂ ਨੂੰ ਕੋਸਦੀ ਰਹੇਗੀ—

ਪਾਪੀ ਕਾ ਘਰੁ ਅਗਨੇ ਮਾਹਿ॥ ਜਲਤ ਰਹੈ ਮਿਟਵੈ ਕਬ ਨਾਹਿ॥੧॥ਰਹਾਉ॥ (੧੧੯੫)

---

# ਬੇਰ ਸਾਹਿਬ ਚੋਂ ਖ਼ੂਨ ਵਰਗੀ ਸ਼ੈਅ ਮਿਲੀ

ਕਪੂਰਥਲਾ, ੭ ਸਤੰਬਰ—ਇਥੋਂ ੨੪ ਕਿਲੋਮੀਟਰ ਸੁਲਤਾਨਪੁਰ ਲੋਧੀ ਸਥਿਤ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਤ ਗੁਰਦਵਾਰਾ ਸ੍ਰੀ ਬੇਰ ਸਾਹਿਬ ਵਿਚ ਗੁਰੂ ਮਹਾਰਾਜ ਦੇ ਹੱਥੀਂ ਲਗਾਈ ਹੋਈ ਬੇਰੀ ਵਿਚੋਂ ਕੁਝ ਦਿਨਾਂ ਤੋਂ ਗਾੜ੍ਹੇ ਖ਼ੂਨ ਵਰਗੀ ਕੋਈ ਚੀਜ਼ ਵਗ ਰਹੀ ਹੈ। ਇਹ ਗਾੜ੍ਹੇ ਲਾਲ ਰੰਗ ਦੀ ਗਾੜ੍ਹੀ ਸ਼ੈਅ ਬੇਰੀ ਦੇ ਤਿੰਨ ਚਾਰ ਥਾਵਾਂ ਤੋਂ ਵਗ ਰਹੀ ਹੈ। ਅੱਜ ਅਜੀਤ ਦੇ ਕਪੂਰਥਲਾ ਸਥਿਤ ਪ੍ਰਤੀਨਿਧ ਨੇ ਆਪ ਜਾ ਕੇ ਬੇਰ ਸਾਹਿਬ ਦੇ ਦਰਸ਼ਨ ਕੀਤੇ। ਸ੍ਰੀ ਬੇਰ ਸਾਹਿਬ ਦੇ ਹੈੱਡ ਗਰੰਥੀ ਸ: ਊਧਮ ਸਿੰਘ ਨੇ ਦਸਿਆ ਕਿ ਸ੍ਰੀ ਦਰਬਾਰ ਸਾਹਿਬ ਚਿ ਫ਼ੌਜ ਵਲੋਂ ਕੀਤੀ ਕਾਰਵਾਈ ਸਮੇਂ ੪ ਜੂਨ ਤੋਂ ੮ ਜੂਨ ਤੱਕ ਇਸ ਬੇਰੀ ਵਿਚੋਂ ਭਾਰੀ ਮਾਤਰਾ ਵਿੱਚ ਇਹ ਲਾਲ ਸ਼ੈਅ ਵਗਦੀ ਰਹੀ। ੧੯੫੭ ਵਿਚ ਵੀ ਇਸ ਵਿਚੋਂ ਅਜਿਹੀ ਸ਼ੈਅ ਵਗਦੀ ਰਹੀ। ਭਾਰਤ ਦੀਆਂ ਪਾਕਿਸਤਾਨ ਨਾਲ ੧੯੬੫ ਅਤੇ ੧੯੭੧ ਦੀਆਂ ਲੜਾਈਆਂ ਸਮੇਂ ਵੀ ਇਸ ਵਿਚੋਂ ਅਜਿਹੀ ਸ਼ੈਅ ਵਗਦੀ ਵੇਖੀ ਗਈ ਸੀ। ਹੈੱਡ ਗਰੰਥੀ ਅਨੁਸਾਰ ਇਸ ਬੇਰੀ ਚੋਂ ਅਜਿਹੀ ਖ਼ੂਨ-ਰੰਗੀ ਸ਼ੈਅ ਦਾ ਵਗਣਾ, ਆਉਣ ਵਾਲੇ ਸਮੇਂ ਵਿੱਚ ਕੌਮ ਤੇ ਕਿਸੇ ਵੱਡੀ ਬਿਪਤਾ ਦਾ ਪ੍ਰਤੀਕ ਹੈ।

—ਅਜੀਤ, ੮-੯-੮੪



www.AKJ.Org

# ਕਿਰਤ ਕਰਮ

[ਗੁਰਪੁਰ ਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ]

ਪੂਰਬਲੇ ਕਰਮਾਂ ਦੇ ਬਦਲੇ ਅਗਲੇਰੇ ਜਨਮ ਵਿਚ ਜਜ਼ਾ ਸਜ਼ਾ ਵਜੋਂ ਉਸੇ ਭੁਗਤ ਦੇ ਕਰਮ ਭੁਗਤਾਏ ਜਾਂਦੇ ਹਨ। ਬਾਰੰਬਾਰ ਉਹ ਇਕੋ ਕਰਮ ਕਰਨ ਦੀ ਜੋ ਵਹਿਦਤ ਪੈ ਜਾਂਦੀ ਹੈ, ਆਦਤ ਪੈ ਜਾਂਦੀ ਹੈ, ਉਸ ਵਹਿਦਤ (ਆਦਤ) ਅਧੀਨ ਜੋ ਭੀ ਕਰਮ ਪ੍ਰਾਣੀ ਕਰਦਾ ਹੈ ਉਸ ਦਾ ਨਾਮ ਕਿਰਤ-ਕਰਮ ਹੈ। ਕਿਰਤ ਵਾਲੇ ਕਰਮ ਭੁਗਤਣੇ ਹੀ ਪੈਂਦੇ ਹਨ। ਮਿਟਦੇ ਨਹੀਂ। ਆਵਾਗਵਨ ਭੀ ਇਸ ਕਿਰਤ-ਕਰੰਮੀ-ਗੇੜ ਕਰਕੇ ਹੁੰਦਾ ਹੈ। ਕਰਮਾਂ ਦੀ ਕਿਰਤ ਮੱਥੇ ਲਿਖੀ ਜਾਂਦੀ ਹੈ ਕਰਮ ਭੁਗਤਾਉਣ ਲਈ। ਯਥਾ ਗੁਰਵਾਕ :

ਆਵੈ ਜਾਇ ਭਵਾਈਐ ਪਇਐ ਕਿਰਤ ਕਮਾਇ ॥
ਪੁਰਬਿ ਲਿਖਿਆ ਕਿਉ ਮੇਟੀਐ ਲਿਖਿਆ ਲੇਖੁ ਰਜਾਇ ॥
ਬਿਨੁ ਹਰਿਨਾਮ ਨ ਛੁਟੀਐ ਗੁਰਮਤਿ ਮਿਲੈ ਮਿਲਾਇ ॥੭॥
(ਸਿਰੀਰਾਗ ਮ: ੧, ਅਸਟ:, ਪੰਨਾ ੫੯)

ਭਾਵ ਅਰਥ : ਬਾਰੰਬਾਰ ਦੂਜੇ ਭਾਵ ਦੇ ਕਰਮ ਕਮਾਵਣ ਕਰਿ ਜੋ ਬੰਦੇ ਦੀ ਕਿਰਤ ਬਿਰਤ ਹੋ ਜਾਂਦੀ ਹੈ, ਵਹਿਦਤ ਰੂਪ ਉਹ ਮੱਥੇ ਤੇ ਲਿਖੀ ਜਾਂਦੀ ਹੈ। ਉਸੇ ਅਨੁਸਾਰ ਉਹ ਜੂਨਾਂ ਵਿਚ ਆਉਂਦਾ ਜਾਂਦਾ ਹੈ ਅਤੇ ਆਵਾਗਉਣ ਦੇ ਚਕਰ ਵਿਚਿ ਭਉਂਦਾ ਹੈ। ਕਿਰਤ ਪਈ ਅਨੁਸਾਰ-ਭਵਾਈਦਾ ਹੈ। ਅਗਲੇ ਜਨਮ ਵਿਚਿ ਭੀ ਕੁਕ੍ਰਿਤ ਕਰਮ ਜ਼ਰੂਰ ਹੀ ਉਸ ਤੋਂ ਹੁੰਦੇ ਹਨ। ਇਹ ਪਹਿਲੇ ਜਨਮ ਦੀ ਸਜ਼ਾ ਉਸ ਨੂੰ ਮਿਲਦੀ ਹੈ। ਉਹ ਉਸ ਨਾਲਿ ਕੋਈ ਬੇਇਨਸਾਫ਼ੀ ਨਹੀਂ ਹੁੰਦੀ, ਸਗੋਂ ਐਨ ਇਨਸਾਫ਼ ਹੁੰਦਾ ਹੈ। ਪੂਰਬਲਾ ਲੇਖ ਲਿਖਿਆ ਕਿਸੇ ਦਾ ਮਿਟਾਇਆ ਮਿਟਦਾ ਨਹੀਂ, ਕਿਉਂਕਿ ਉਹ ਕਰਮ ਰਜਾਇ ਅਨੁਸਾਰ ਲਿਖਿਆ ਗਇਆ ਹੁੰਦਾ ਹੈ। ਉਸ ਕਿਰਤ-ਕਰੰਮੀ ਲਿਖੇ ਲੇਖ ਤੋਂ ਛੁਟਕਾਰਾ ਹੁੰਦਾ ਹੈ ਤਾਂ ਸਤਿਗੁਰੂ ਦੁਆਰਾ ਨਾਮ ਮਿਲੇ ਤੋਂ ਹੁੰਦਾ ਹੈ, ਨਹੀਂ ਤਾਂ ਲੇਖ ਨਹੀਂ ਮਿਟਦਾ। "ਬਿਨੁ ਹਰਿਨਾਮ ਨ ਛੁਟੀਐ"। ਪ੍ਰੰਤੂ ਨਾਮੁ ਮਿਲਦਾ ਹੈ ਗੁਰਮਤਿ ਕਰਕੇ, ਗੁਰੂ ਦਾ ਮਿਲਾਇਆ ਹੀ ਮਿਲਦਾ ਹੈ। ਇਸ ਬਿਧਿ ਕਰਮ-ਕਿਰਤ-ਰੇਖਾ ਭੀ ਗੁਰੂ ਦੀ ਮਿਟਾਈ ਹੀ ਮਿਟਦੀ ਹੈ।

ਇਸ ਪ੍ਰਥਾਇ ਇਕ ਸਾਖੀ ਆਉਂਦੀ ਹੈ ਕਿ ਗੁਰੂ ਅਰਜਨ ਸਾਹਿਬ ਪੰਚਮ ਗੁਰੂ ਪਾਤਸ਼ਾਹ ਦੇ ਦਰਬਾਰ ਵਿਚਿ ਇਕ ਪਰਜਾਪਤੀ ਰਾਜਾ ਆਇਆ, ਸਣੇ ਰਣਵਾਸ ਦੇ (ਰਾਣੀਆਂ ਆਦਿਕ ਪਰਵਾਰ ਸਹਿਤ)। ਆਪਣੀ ਕਲਿਆਣ ਨਮਿਤ ਆਇਆ। ਆਪਣੇ ਕਰਮਾਂ ਦੇ ਲੇਖ ਮਿਟਾਉਣ ਹਿਤ ਆਇਆ। ਪ੍ਰੰਤੂ ਉਸ ਨੇ ਮਨ ਹੀ ਮਨ ਵਿਚ ਆਪਣੇ ਇਸ ਆਸ਼ੇ ਅਭਿਪਰੇ ਨੂੰ ਗੁਪਤ ਹੀ ਰਖਿਆ। ਕਿਸੇ ਨੂੰ ਦੱਸਿਆ ਨਹੀਂ। ਨਾ ਹੀ ਆਪਣੀ ਜ਼ਬਾਨੀ ਗੁਰੂ ਪਾਸ ਦਰਸਾਇਆ, ਚੁਪ ਚੁਪੀਤਾ ਗੁਰੂ ਕੀਆਂ ਸੰਗਤਾਂ ਵਿਚਿ ਕੁਛ ਦਿਨ ਵਿਚਰਦਾ ਰਿਹਾ। ਗੁਰੂ ਦਰਬਾਰ ਵਿਚਿ ਆਵੇ ਤੇ ਚਲਿਆ ਜਾਵੇ। ਜਿਥੇ ਉਸ ਦਾ ਉਤਾਰਾ ਸੀ, ਉਥੇ ਜਾ ਬਿਸਰਾਮ ਕਰੇ। ਅੰਮ੍ਰਿਤ ਵੇਲੇ ਗੁਰੂ ਕੀਆਂ ਸੰਗਤਾਂ ਦੇ ਨਾਲਿ ਹੀ ਉਠਣ ਦੀ ਉਸ ਨੂੰ ਆਦਤ ਪੈ ਗਈ।

ਇਕ ਦਿਨ ਅੰਮ੍ਰਿਤ ਵੇਲੇ ਇਕ ਗੁਰੂ ਕਾ ਸਿਖ ਓਅੰਕਾਰ ਬਾਣੀ ਦਾ ਪਾਠ ਕਰਦਾ ਸੀ। ਉਸ ਪਾਠ ਵਿਚਿ ਜਦੋਂ ਇਹ ਤੁਕ ਰਾਜੇ ਨੇ ਸੁਣੀ ਕਿ— "ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ" ਤਾਂ ਉਸ ਦੇ ਮਨ ਵਿਚ ਸੰਸਾ ਪੈਦਾ ਹੋ ਗਿਆ ਕਿ ਜੇ ਲਿਖਿਆ ਲੇਖ ਮਿਟਣਾ ਹੀ ਨਹੀਂ ਅਤੇ ਮੈਨੂੰ ਆਪਣੇ ਕੀਤੇ ਕਰਮਾਂ ਦੇ ਲੇਖ ਭੁਗਤਣੇ ਹੀ ਪੈਣੇ ਹਨ ਤਾਂ ਮੈਂ ਐਥੇ ਗੁਰੂ ਜੀ ਪਾਸ ਕਾਹਨੂੰ ਆਇਆ ਹਾਂ। ਚਲੋ ਚਲੀਏ, ਐਥੋਂ ਕਲ੍ਹ ਨੂੰ ਡੇਰੇ ਕੂਚ ਕਰੀਏ। ਇਸ ਸੰਦੇਹ ਸੰਸੇ ਦੀ ਬਾਤ ਉਸ ਨੇ ਆਪਣੇ ਮਨ ਹੀ ਮਨ ਮਾਹਿ ਰਖੀ। ਕਿਸੇ ਨੂੰ ਜਣਾਈ ਲਖਾਈ ਦਸੀ ਨਹੀਂ।

ਪ੍ਰੰਤੂ ਗੁਰੂ ਅੰਤਰਯਾਮੀ ਘਟ ਘਟ ਦੀ ਜਾਨਣਹਾਰੇ ਬੁਝ ਗਏ ਕਿ ਰਾਜਾ ਅਸ਼ਰਧਕ ਹੋ ਕੇ ਵਾਪਸ ਚਲੇ



www.AKJ.Org

ਜਾਣ ਦੀ ਨੀਯਤ ਠਾਣ ਬੈਠਾ ਹੈ। ਉਸੇ ਵੇਲੇ ਹੀ ਗੁਰੂ ਸਾਹਿਬ ਨੇ ਰਾਜੇ ਨੂੰ ਆਪਣੇ ਪਾਸ ਬੁਲਾ ਕੇ ਆਖਿਆ ਕਿ ਕਲ੍ਹ ਨੂੰ ਜਾਣਾ ਨਹੀਂ। ਕਲ੍ਹ ਆਪਾਂ ਇਕੱਠੇ ਬਾਹਰ ਜੰਗਲਾਂ ਵਿਚਿ ਅਸਵ (ਘੋੜ) ਅਸਵਾਰ ਹੋ ਕੇ ਸੈਰ ਲਈ ਚਲਾਂਗੇ। ਰਾਜੇ ਨੇ ਸਤਿ ਕਰ ਕੇ ਗੁਰੂ ਜੀ ਦੇ ਏਸ ਹੁਕਮ ਨੂੰ ਮੰਨ ਲਿਆ। ਏਸ ਹੁਕਮ ਨੂੰ ਮੰਨਣ ਦਾ ਸਦਕਾ ਰਾਜਾ ਅਗਲੀ ਰਾਤ ਠਹਿਰ ਗਿਆ। ਤਾਂ ਰਾਤ ਨੂੰ ਕੀ ਸੁਪਨਾ ਦੇਖਦਾ ਹੈ ਕਿ ਉਸ ਨੇ ਚੰਡਾਲਾਂ ਦੇ ਘਰਿ ਜਨਮ ਲਿਆ ਹੈ। ਜਨਮ ਲੈ ਕੇ ਉਹ ਚੰਡਾਲਾਂ ਦੇ ਘਰ ਹੀ ਪਾਲਿਆ ਪੋਸਿਆ ਗਿਆ ਤੇ ਗਭਰੂ ਹੋ ਗਿਆ। ਗਭਰੂ ਹੋਏ ਤੇ ਚੜ੍ਹਦੀ ਜਵਾਨੀ ਵਿਚਿ ਹੀ ਉਸ ਦੀ ਸ਼ਾਦੀ ਹੋ ਗਈ ਤੇ ਉਸ ਦੇ ਘਰਿ ਸੰਤਾਨ ਭੀ ਘਣੀ ਉਤਪੰਨ ਹੋਈ। ਪੁਤਾਂ, ਪੋਤਰਿਆਂ, ਧੀਆਂ, ਦੋਹਤ੍ਰੇ ਦੋਹਤ੍ਰੀਆਂ ਵਾਲਾ ਹੋ ਗਿਆ ਤੇ ਬਿਰਧ ਭਇਆ। ਅਤੇ ਬਿਰਧ ਬੁੱਢੇ ਭਏ ਤੋਂ ਉਹ ਮਰ ਮੁੱਕ ਭੀ ਗਇਆ।

ਮਰੇ ਤੋਂ ਜਦੋਂ ਚੰਡਾਲਾਂ ਦੀ ਰੀਤੀ ਅਨੁਸਾਰ ਉਸ ਨੂੰ ਮਰਘਟ ਕਬਰਿਸਤਾਨ ਵਿਚਿ ਲਿਜਾ ਕੇ ਦਬਾਉਣ ਲਗੇ ਤਾਂ ਉਸ ਦੀ (ਰਾਜੇ ਦੀ) ਜਾਗ ਖੁਲ੍ਹ ਗਈ। ਬੜਾ ਹੈਰਾਨ ਪਰੇਸ਼ਾਨ ਹੋਇਆ। ਸੁਪਨਾ ਕੀ ਸੀ। ਪਰਤੱਖ ਜੀਵਣ ਜਨਮ ਦਾ ਹੱਡ-ਬੀਤਿਆ ਚਮਤਕਾਰਾ ਸੀ। ਜਾਗੇ ਤੋਂ ਭੀ ਉਕਤ ਸੁਪਨਾ ਉਸ ਦੀਆਂ ਅੱਖਾਂ ਤੋਂ ਉਹਲੇ ਨਾ ਹੋਵੇ। ਮੁੜਿ ਮੁੜਿ ਸੁਪਨੇ ਵਿਚਿ ਸਹੇੜੀਆਂ ਸਪੁਤ੍ਰ ਸਪੁਤ੍ਰੀਆਂ ਦੀ ਮੋਹ-ਮਮਤਾ ਉਸ ਨੂੰ ਟੁੰਭੇ। ਨਿਮੋਝੂਣਾ ਹੋਇਆ ਨੀਵੀਂ ਪਾਇ ਕੇ ਇਹੀ ਸੋਚਾਂ ਸੋਚਦੇ ਨੂੰ ਖਾਸਾ ਦਿਨ ਚੜ੍ਹ ਆਇਆ। ਏਤਨੇ ਨੂੰ ਸਤਿਗੁਰੂ ਦੇ ਮੇਵੜੇ ਵਲੋਂ ਉਸ ਨੂੰ ਆਵਾਜ਼ ਪੈ ਗਈ। ਚਲੋ, ਤਿਆਰ ਹੋ ਜਾਓ। ਅਸਵ-ਸਵਾਰ ਹੋ ਕੇ ਸਤਿਗੁਰੂ ਦੇ ਸੰਗਿ ਸਾਥ ਬਾਹਰ ਜੰਗਲਾਂ ਵਿਚਿ ਸੈਰ ਸਿਆਹਤ ਲਈ ਕਮਰਕੱਸੇ ਕਸ ਲਓ। ਗੱਲ ਕੀ, ਸਤਿਗੁਰੂ ਸਾਹਿਬ ਆਪਣੀਆਂ ਲਾਡਲੀਆਂ ਫ਼ੌਜਾਂ ਸਮੇਤ ਉਸ ਨੂੰ (ਰਾਜੇ ਨੂੰ) ਬਾਹਰ ਅਣੋਖੀ ਅਖੇਰ ਬਿਰਤ ਲਈ ਲੈ ਗਏ। ਪਰ ਰਾਤ ਦੇ ਉਹੀ ਰਾਜ ਸੁਪਨੇ ਦੀਆਂ ਹੈਰਾਨ-ਕੁਨ ਸੋਚਾਂ ਸੋਚਦਾ ਘੋੜ-ਸਵਾਰ ਹੋਇਆ ਸਤਿਗੁਰੂ ਦੇ ਨਾਲਿ ਚਲਿਆ ਜਾ ਰਿਹਾ ਹੈ।

ਕਉਤਕੀ ਸਤਿਗੁਰੂ ਨੇ ਐਸਾ ਕਉਤਕੀ ਹੁਕਮ ਚੜ੍ਹਾਇਆ ਕਿ ਹੇ ਰਾਜਨ! ਔਹ ਦੇਖੋ ਇਕ ਹੀਰਾ ਹਰਨ ਚੋਕੜੀਆਂ ਭਰਦਾ ਚਲਿਆ ਆਉਂਦਾ ਹੈ। ਜੀਹਦੇ ਅਗੇ ਦੀ ਇਹ ਨਿਕਲੇਗਾ, ਉਹੀ ਉਸ ਦਾ ਪਿਛਾ ਕਰੇਗਾ। ਅਤੇ ਮੋਹਰੀ ਬਣ ਕੇ ਉਸ ਨੂੰ ਜੈ ਕਰੇਗਾ। ਦੂਜਾ ਕੋਈ ਉਸ ਦੇ ਨਾਲਿ ਪਿਛੇ ਜਾਵੇ ਯਾ ਨਾ ਜਾਵੇ। ਭਾਵੀ ਐਸੀ ਹੋਈ ਕਿ ਉਹ ਮਿਰਗ (ਹਿਰਨ) ਰਾਜੇ ਦੇ ਅਗੋਂ ਦੀ ਹੀ ਨਿਕਲਿਆ। ਰਾਜਾ ਗੁਰੂ ਸਾਹਿਬ ਦੀ ਆਗਿਆ ਅਨੁਸਾਰ ਘੋੜਾ ਦੌੜਾਇ ਕੈ ਉਸ ਹਿਰਨ ਦੇ ਪਿਛੇ ਹੋਇਆ। ਸਤਿਗੁਰੂ ਕਉਤਕਹਾਰੇ ਆਪਣੀਆਂ ਫ਼ੌਜਾਂ ਨੂੰ ਇਸ਼ਾਰੇ ਦੇ ਕੇ ਕੁਛ ਵਿਥ ਤੇ ਪਿਛੇ ਰਹਿ ਗਏ। ਰਾਜੇ ਇਕੱਲੇ ਨੂੰ ਹੀ ਹਿਰਨ ਦੇ ਪਿਛੇ ਜਾਣ ਦਿੱਤਾ। ਹਿਰਨ ਬੜੀ ਤੇਜ਼ੀ ਨਾਲ ਚਉਕੜੀਆਂ ਭਰਦਾ ਰਾਜੇ ਦੇ ਮੂਹਰੇ ਮੂਹਰੇ ਦੌੜਦਾ ਕੁਦਦਾ ਹੋਇਆ ਕਈਆਂ ਜੰਗਲਾਂ ਬੇਲਿਆਂ ਨੂੰ ਚੀਰਦਾ ਇਕ ਸੁੰਨਸਾਨ ਵਾਦੀ ਵਿਚ ਜਾ ਕੇ ਅਲੋਪ ਹੋ ਗਿਆ। ਰਾਜਾ ਹੱਥ ਮਲਦਾ ਹੀ ਰਹਿ ਗਿਆ।

ਉਸ ਨੂੰ ਪਿਆਸ ਡਾਢੀ ਲਗੀ ਹੋਈ ਸੀ। ਪਾਣੀ ਦੀ ਤਲਾਸ਼ ਵਿਚ ਕਿਸੇ ਪਿੰਡ ਗਰਾਉਂ ਦੀ ਸੂੰਹ ਸੁੰਧਕ ਲੈਣ ਲਗਾ। ਇਕੱਲਾ ਹੀ ਸੀ ਆਪਣੇ ਘੋੜੇ ਸਮੇਤ, ਹੋਰ ਕੋਈ ਉਸ ਦੇ ਨਾਲ ਨਹੀਂ ਸੀ। ਦੇਵਨੇਤ ਨਾਲ ਥੋੜੀ ਦੂਰ ਦੇ ਫ਼ਾਸਲੇ ਤੇ ਹੀ ਉਸ ਨੇ ਇਕ ਗ੍ਰਾਮ ਦੇਖਿਆ। ਦੇਖਦਾ ਕੀ ਹੈ ਕਿ ਗ੍ਰਾਮ ਦੇ ਬਹੁਤ ਸਾਰੇ ਲੋਗ ਪਿੰਡੋਂ ਬਾਹਰ-ਵਾਰ ਜਮ੍ਹਾ ਹੋਏ ਵੇ ਹਨ। ਉਹ ਜਮਘਟੇ ਵਲ ਹੋ ਲਿਆ। ਉਥੇ ਜਾ ਕੇ ਕੀ ਦੇਖਦਾ ਹੈ ਕਿ ਉਹੀ ਮਰਘਟ ਅਸਥਾਨ ਕਬਰਿਸਤਾਨ ਹੈ। ਉਸੇ ਪਿੰਡ ਦਾ ਹੈ, ਜਿੱਥੇ ਜਨਮ ਲੈ ਕੇ ਉਸ ਨੇ ਚੰਡਾਲ ਦੇ ਘਰਿ ਸਾਰਾ ਜੀਵਨ ਬਤੀਤ ਕੀਤਾ ਸੀ। ਓਹੀ ਪਿੰਡ ਦੇ ਲੋਗ ਹਨ। ਉਹੀ ਉਸਦਾ ਪਰਵਾਰ ਹੈ। ਪੁਤ ਪੋਤੇ ਇਸਤ੍ਰੀ ਆਦਿ ਭੀ ਉਹੀ ਹਨ।

ਉਹਨਾਂ ਨੂੰ ਦੇਖ ਕੇ ਸ਼ਰਮਸਾਰ ਹੋਇਆ ਉਹ ਪਿਛਾਂਹਾ ਮੁੜਨ ਹੀ ਲਗਾ ਸੀ ਕਿ ਝੱਟ ਅਗੇ ਵਧ ਕੇ ਉਸਦੇ ਕੁਟੰਬੀਆਂ ਨੇ ਉਸ ਦੇ ਪੱਲੇ ਜਾ ਫੜੇ ਅਤੇ ਘੋੜੇ ਦੀਆਂ ਲਗਾਮਾਂ ਨੂੰ ਰੋਕ ਲਿਆ। ਸਾਰੇ ਉਸ ਨੂੰ ਚਿਮੜ ਗਏ। ਮੋਹ ਦੀਆਂ ਲਿਲਕਾਂ ਮਾਰ ਕੇ ਚਿੰਮੜੇ। ਹੁਣ ਅਸੀਂ ਨਹੀਂ ਜਾਣ ਦਿੰਦੇ। ਰਾਜਾ ਹੈਰਾਨੀ ਪਰੇਸ਼ਾਨੀ ਦੇ ਸਮੁੰਦਰ ਵਿਚ ਅਤੇ ਲੱਜਾ ਵਿਚ ਤ੍ਰਿਬੁੜ ਹੋਇਆ ਸੋਚਣ ਲਗਾ। ਸਚਮੁੱਚ ਓਹੀ ਟੱਬਰ ਟੀਹਰ ਹੈ, ਜਿਸ ਵਿਚ ਰਹਿ ਸਹਿ



www.AKJ.Org

ਕੇ ਮੈਂ ਸਾਰਾ ਜਨਮ ਏਹਨਾਂ ਚੰਡਾਲਾਂ ਦੇ ਘਰ ਬਿਤੀਤ ਕੀਤਾ ਹੈ । ਇਸ ਵਿਚ ਕੋਈ ਭੀ ਸੰਦੇਹ ਨਹੀਂ । ਸਾਰਿਆਂ ਨੂੰ ਮੈਂ ਜਾਣਦਾ ਹਾਂ । ਸਾਰੇ ਮੈਨੂੰ ਜਾਣਦੇ ਹਨ । ਪੱਲਾ ਛੁਡਾਵਾਂ ਤੇ ਕਿਵੇਂ ਛੁਡਾਵਾਂ । ਛੁਡਾ ਭੀ ਨਹੀਂ ਹੁੰਦਾ । ਪਰ ਓਹਨਾਂ ਨੂੰ ਅਪਣਾਉਂਦਾ ਭੀ ਸ਼ਰਮਾਉਂਦਾ ਹੈ । ਜਿਉਂ ਜਿਉਂ ਲਾਡ ਪਿਆਰ ਨਾਲਿ ਉਸ ਦਾ ਬਾਲ ਬੱਚਾ ਉਸ ਨੂੰ ਚਿੰਮੜਦਾ ਹੈ, ਤਿਉਂ ਤਿਉਂ ਉਹ ਬੇਬਸ ਹੋ ਹੋ ਜਾਂਦਾ ਹੈ । ਪਰ ਓਹਨਾਂ ਦੇ ਪਾਸ ਰਹਿਣ ਨੂੰ ਜੀ ਨਹੀਂ ਕਰਦਾ । ਫੇਰ ਆਪਣੇ ਆਪ ਨੂੰ ਇਉਂ ਹੱਲਾ-ਸ਼ੇਰੀ ਦਿੰਦਾ ਹੈ, ਉਹ ਤਾਂ ਸੁਪਨਾ ਹੀ ਸੀ । ਮੈਂ ਕਾਹਨੂੰ ਪਰਤੱਖ ਜਨਮ ਏਹਨਾਂ ਦੇ ਘਰਿ ਲਿਆ ਹੈ । ਜ਼ਰਾ ਦਿਲ ਕਰਾਰਾ ਕਰ ਕੇ ਆਖਦਾ ਹੈ ਕਿ ਤੁਸੀਂ ਮੇਰੇ ਕੁਛ ਨਹੀਂ ਲਗਦੇ । ਤੁਸੀਂ ਮੈਨੂੰ ਕਿਉਂ ਚਿਮੜਦੇ ਹੋ ? ਓਹਨਾਂ ਆਖਿਆ, ਤੂੰ ਮਰ ਗਿਆ ਸੀ । ਅਸੀਂ ਰੋਂਦਿਆਂ ਕੁਰਲਾਂਦਿਆਂ ਨੇ ਤੈਨੂੰ ਦੱਬ ਦਿੱਤਾ । ਤੂੰ ਕਬਰ ਵਿਚੋਂ ਨਿਕਲ ਕੇ ਕਿਤੋਂ ਚੰਗੇ ਚੰਗੇ ਬਸਤਰ ਤੇ ਘੋੜਾ ਪਾਖਰ ਜੀਨ ਲੈ ਆਇਆ ਹੈਂ ਤੇ ਸਾਨੂੰ ਪਿਦਾਉਂਦਾ ਤੇ ਭੁਚਲਾਉਂਦਾ ਹੈਂ । ਹੁਣ ਤੈਨੂੰ ਅਸੀਂ ਜਾਣ ਦਿੰਦੇ ਹਾਂ ! ਗੱਲ ਕੀ, ਪਰਸਪਰ ਤਕੜਾ ਤਕਰਾਰ ਹੋ ਪਿਆ । ਸਾਰਾ ਪਿੰਡ ਹੋਰ ਭੀ ਇਕੱਠਾ ਹੋ ਗਿਆ । ਸਾਰੇ ਹੀ ਇਹੋ ਸ਼ਾਹਦੀ ਭਰਨ ਕੁਟੰਬੀਆਂ ਦੇ ਹੱਕ ਵਿਚ । ਰਾਜਾ ਵੀ ਹੱਕ ਵਿਚ । ਰਾਜਾ ਭੀ ਸਾਰੇ ਪਿੰਡ ਦਿਆਂ ਆਦਮੀਆਂ ਤੀਵੀਆਂ ਨੂੰ ਜਾਣੇ ਪਛਾਣੇ ਅਤੇ ਪਿੰਡ ਦੇ ਮਰਦ ਇਸਤਰੀ ਭੀ ਉਸ ਨੂੰ ਜਾਨਣ ਪਛਾਨਣ । ਬੜਾ ਘਬਰਾਇਆ, ਬੜੀ ਅੜਿਚਣ ਵਿਚ ਉਸਦੀ ਜਾਨ ਪੈ ਗਈ । ਪੱਲਾ ਛੁਡਾਉਣਾ ਦੂਭਰ ਹੋ ਗਿਆ । ਏਸੇ ਘਬਰਾਹਟ ਵਿਚ ਇਕ-ਮਨ ਇਕ-ਚਿਤ ਹੋ ਕੇ ਗੁਰੂ ਸਾਹਿਬ ਦਾ ਧਿਆਨ ਧਰਿਆ ਅਤੇ ਮਨ ਹੀ ਮਨ ਵਿਚ ਬੇਨਤੀ ਕੀਤੀ,ਹੇ ਸਤਿਗੁਰੂ ! ਇਸ ਭੀੜੀ ਬਣੀ ਅਉਝੜ ਤੋਂ ਆ ਕੇ ਹੁਣ ਤੁਸੀਂ ਹੀ ਛੁਡਾ ਸਕਦੇ ਹੋ । ਬਹੁੜੋ ਤੇ ਫੰਦ ਪਰਾਨ ਮੋਕਲੇ ਕਰਾਓ, ਛੁਡਾਓ ਜੀ, ਆ ਕੇ ਛੁਡਾਓ । ਕਉਤਕਹਾਰ ਸਤਿਗੁਰੂ ਇਕ ਛਿਨ ਵਿਚਿ ਆਇ ਆਸ਼ਕਾਰ (ਪਰਗਟ) ਹੋਏ । ਰਾਜੇ ਦੀ ਘਬਰਾਹਟ ਨੂੰ ਅਤੇ ਜਿਸ ਹਾਲਤ ਵਿਚ ਉਹ ਖੜਾ ਸੀ, ਦੇਖ ਕੇ ਮੁਸਕ੍ਰਾਏ । ਲੋਕਾਂ ਨੂੰ ਤੇ ਇਕੱਠੇ ਹੋਏ ਚੰਡਾਲ ਪਰਵਾਰ ਨੂੰ ਸਨਮੁਖ ਹੋ ਕੇ ਆਖਣ ਲਗੇ ਕਿ ਕਿਸ ਗੱਲ ਦਾ ਝਗੜਾ ਹੈ ? ਹਾਜ਼ਰੀਨ ਨੇ ਇਸ ਘਟਨਾ ਵਾਲਾ ਬਿਰਤਾਂਤ ਸਤਿਗੁਰੂ ਦੀ ਹਜ਼ੂਰੀ ਵਿਚ ਵਿਸਥਾਰ ਸਹਿਤ ਦਸਿਆ । ਓੜਕ ਆਖਿਆ ਕਿ ਇਹ ਕਬਰ ਵਿਚੋਂ ਨਿਕਲ ਕੇ ਸਾਨੂੰ ਸਾਰਿਆਂ ਨੂੰ ਤਲਾਕ ਦੇਈ ਨਸਿਆ ਜਾਂਦਾ ਹੈ । ਅਸੀਂ ਇਸ ਨੂੰ ਨਹੀਂ ਜਾਣ ਦੇਣਾ, ਪਰ ਨਹੀਂ ਜਾਣ ਦੇਣਾ । ਤੁਸੀਂ ਅਵਤਾਰੀ ਮਹਾਂਪੁਰਸ਼ ਹੋ, ਸਾਡਾਨਿਆਉਂ ਨਿਬੇੜੋ । ਗੁਰੂ ਸਾਹਿਬ ਨੇ ਫੁਰਮਾਇਆ ਕਿ ਇਕੋ ਗੱਲ ਨਿਆਉਂ ਨਿਬੇੜਨ ਦੀ ਹੈ । ਜੇ ਤੁਸਾਨੂੰ ਮੰਨਣੀ ਮਨਜ਼ੂਰ ਹੈ ਤਾਂ ਆਖਾਂ । ਭਲਾ ਜੀ ਭਲਾ । ਸਤਿਗੁਰੂ ਫੁਰਮਾਉਣ ਲਗੇ ਕਿ ਤੁਸੀਂ ਅਪਣੀ ਕਬਰ ਪੁਟ ਕੇ ਦੇਖੋ, ਜੇ ਤਾਂ ਉਸ ਕਬਰ ਵਿਚ ਇਹ ਹੈ ਨਹੀਂ, ਕਬਰ ਖ਼ਾਲੀ ਪਈ ਹੈ ਤਾਂ ਤੁਸੀਂ ਇਸ ਨੂੰ ਨਿਸੰਗ ਫੜ ਲਵੋ । ਪਰ ਜੇ ਖ਼ੋਈ ਹੋਈ ਲੋਥ ਉਹੀ ਇਸ ਕਬਰ ਵਿਚ ਪਈ ਹੈ ਤਾਂ ਇਸ ਨੂੰ ਛਡ ਦਿਓ । ਇਸ ਫੈਸਲੇ ਨੂੰ ਸੁਣ ਕੇ ਸਾਰੇ ਬਹੁਤ ਖੁਸ਼ ਹੋਏ । ਖੁਸ਼ੀ ਨਾਲ ਜਾਮਿਆਂ ਤੋਂ ਬਾਹਰ ਹੋ ਗਏ । ਕਬਰ ਪੁਟੀ ਤਾਂ ਕਬਰ ਵਿਚ ਸਾਵੀਂ ਹੀ ਉਸ ਦੀ ਲੋਥ ਪਈ ਸੀ । ਐਨ ਇਹੋ ਜਿਹੀ ਦੇਹੀ ਤੇ ਇਹੋ ਜਿਹੀ ਸੂਰਤ । ਪਰ ਫ਼ੈਸਲੇ ਅਨੁਸਾਰ ਕਿਸੇ ਦੀ ਕੁਛ ਪੇਸ਼ ਨਾ ਗਈ ।

ਰਾਜੇ ਦਾ ਖਹਿੜਾ ਛੁਟਿਆ । ਗੁਰੂ ਸਾਹਿਬ ਰਾਜੇ ਨੂੰ ਛੁਡਾਇ ਕੇ ਅਤੇ ਘੋੜੇ ਤੇ ਸਵਾਰ ਕਰਾਇ ਕੇ ਆਪਣੇ ਨਾਲ ਵਾਪਸ ਲੈ ਚਲੇ । ਰਾਹ ਵਿਚਿ ਜਾਂਦਿਆਂ ਰਾਜਾ ਸ਼ਰਮਾਇ ਕੇ ਪੁਛਦਾ ਹੈ, ਸਾਹਿਬ ਜੀਓ, ਇਹ ਕੀ ਕਉਤਕ ਸੀ ? ਸਤਿਗੁਰੂ ਫੁਰਮਾਉਣ ਲਗੇ ਕਿ ਇਹ ਤੇਰੀ ਉਸ ਸ਼ੰਕਾ ਦਾ ਉਤਰ ਸੀ ਜਿਸ ਕਰਕੇ ਤੂੰ ਅਸ਼ਰਧਕ ਹੋ ਚਲਿਆ ਸੀ । ਨਿਰਸੰਦੇਹ ਇਹ ਗੁਰਵਾਕ ਸੱਚ ਹੈ :—ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ ।।੫੨।। ਪੰਨਾ ੯੩੭)

ਤੇਰੇ ਪੂਰਬਲੇ ਕਰਮਾਂ ਅਨੁਸਾਰ ਤੈਂ ਚੰਡਾਲਾਂ ਦੇ ਘਰ ਜੰਮ ਕੇ ਸਾਰਾ ਜਨਮ ਅਵੱਸ਼ ਬਿਤਾਉਣਾ ਸੀ । ਪ੍ਰੰਤੂ ਗੁਰੂ ਨਾਨਕ ਦੇ ਘਰ ਨੂੰ ਏਤਨੀ ਸਮਰੱਥਾ ਹੈ ਕਿ ਇਕ ਰਾਤ ਵਿਚਿ ਹੀ ਉਹ ਸਾਰਾ ਜਨਮ ਤੈਥੋਂ ਭੁਗਤਾਇ ਦਿੱਤਾ, ਜੋ ਤੈਂ ਸਾਰੀ ਉਮਰ ਹੀ ਚੰਡਾਲਾਂ ਦੇ ਘਰ ਭੁਗਤਣਾ ਸੀ । ਸੂਲੀ ਦੀ ਸਜ਼ਾ ਵਾਲੀ ਅਉਲੀ ਸੂਲ ਵਿਚ ਟਾਲ ਦਿੱਤੀ ।

[ਪੁਸਤਕ "ਕਰਮ ਫ਼ਿਲਾਸਫ਼ੀ" ਪੰਨਾ ੨੯੫-੨੯੬]



www.AKJ.Org

## 'ਸਰਬ ਸੰਸਾਰ ਸਿਖ ਸੰਮੇਲਨ' ਸਮੇਂ

# ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਭਾਸ਼ਨ

ਪਰਮ ਸਤਿਕਾਰ ਯੋਗ ਗੁਰੂ ਰੂਪ ਖਾਲਸਾ ਜੀ,

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹ ॥

ਅੱਜ ਜਦੋਂ ਤੁਸੀਂ ਭਾਰੀ ਘਾਲਣਾ ਘਾਲ ਕੇ ਤੇ ਸਰਕਾਰ ਵਲੋਂ ਲਾਈਆਂ ਗਈਆਂ ਸਾਰੀਆਂ ਰੋਕਾਂ ਤੋੜ ਭੰਨ ਕੇ ਇਸ ਇਤਿਹਾਸਕ 'ਸਰਬ ਸੰਸਾਰ ਸਿਖ ਸੰਮੇਲਨ' ਵਿਚ ਸ਼ਾਮਲ ਹੋਣ ਲਈ ਪੁਜੇ ਹੋ ਤਾਂ ਮੈਂ ਆਪ ਜੀ ਨੂੰ ਹਾਰਦਿਕ 'ਜੀ ਆਇਆਂ' ਕਹਿੰਦਾ ਹਾਂ। ਅੱਜ ਖਾਲਸਾ ਪੰਥ ਬੜੇ ਸੰਕਟ ਮਈ ਤੇ ਨਾਜ਼ਕ ਦੌਰ ਵਿਚੋਂ ਗੁਜ਼ਰ ਰਿਹਾ ਹੈ। ਸਿੱਖੀ ਦਾ ਪਿੰਡਾ ਜ਼ਾਲਮ ਸਰਕਾਰ ਦੇ ਵਾਰਾਂ ਨਾਲ ਪੱਛਿਆ ਪਿਆ ਹੈ।

ਖਾਲਸਾ ਜੀ, ਆਪ ਭਲੀ ਭਾਂਤ ਜਾਣਦੇ ਹੋ ਕਿ ਵਕਤ ਦੇ ਹੁਕਮਰਾਨਾਂ ਨੇ ਕਿਸ ਤਰ੍ਹਾਂ ਭਗਤੀ ਦੇ ਸੋਮੇ ਸ੍ਰੀ ਦਰਬਾਰ ਸਾਹਿਬ ਨੂੰ ਗੋਲੀਆਂ ਨਾਲ ਛਲਣੀ ਛਲਣੀ ਅਤੇ ਸ਼ਕਤੀ ਦੇ ਕੇਂਦਰ ਸ੍ਰੀ ਅਕਾਲ ਤਖਤ ਸਾਹਿਬ ਨੂੰ ਤੋਪਾਂ ਅਤੇ ਟੈਂਕਾਂ ਨਾਲ ਢਾਹ-ਢੇਰੀ ਕਰ ਕੇ ਖਾਲਸੇ ਦੀ ਅਣਖ ਅਤੇ ਗੈਰਤ ਨੂੰ ਚੈਲਿੰਜ ਕੀਤਾ ਹੈ।

ਮੈਂ ਸਮਝਦਾ ਹਾਂ ਕਿ ਦਿੱਲੀ ਦੇ ਤਾਜਦਾਰਾਂ ਦਾ ਰਵੱਈਆ ਸ਼ੁਰੂ ਤੋਂ ਹੀ ਸਿਖੀ ਪ੍ਰਤੀ ਦੋਖੀ ਰਿਹਾ ਹੈ, ਪਰ ਜੋ ਕੁਝ ਪਿਛਲੇ ਦਿਨੀਂ ਸਿਖ ਕੌਮ ਨਾਲ ਬੀਤੀ ਹੈ, ਪਵਿੱਤਰਤਾ ਦੇ ਸੋਮੇ ਗੁਰਧਾਮਾਂ ਨੂੰ ਢਾਹਿਆ ਗਿਆ ਅਤੇ ਸਿਖੀ ਦੇ ਭਵਿੱਖ ਦੇ ਵਾਰਸਾਂ ਦੇ ਲਹੂ ਦੀ ਹੋਲੀ ਖੇਡੀ ਗਈ ਹੈ, ਉਸ ਤੋਂ ਸਪੱਸ਼ਟ ਹੋ ਗਿਆ ਹੈ ਕਿ ਸਰਕਾਰ ਸਿਖੀ ਸਰੂਪ, ਬਾਣੀ, ਬਾਣੇ, ਪਵਿੱਤਰ ਗੁਰਧਾਮਾਂ ਅਤੇ ਅਨੰਦਪੁਰੀ ਵਿਚਾਰਧਾਰਾ ਨੂੰ ਖ਼ਤਮ ਕਰਨ ਤੇ ਤੁਲ ਗਈ ਹੈ। ਪਿਛਲੇ ਦਿਨੀਂ ਫੌਜ ਵਲੋਂ ਸ੍ਰੀ ਦਰਬਾਰ ਸਾਹਿਬ ਅਤੇ ਹੋਰ ਗੁਰਧਾਮਾਂ ਤੇ ਹੋਏ ਹਮਲੇ ਦੌਰਾਨ ਜਿਸ ਬੇਰਹਿਮੀ ਨਾਲ ਸ੍ਰੀ ਅਕਾਲ ਤਖਤ ਸਾਹਿਬ ਤੇ ਪਵਿਤਰ ਗੁਰਧਾਮ ਢਾਹੇ ਗਏ, ਜੁਗੋ ਜੁਗ ਅਟੱਲ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਢਾਈ ਹਜ਼ਾਰ ਪਾਵਨ ਸਰੂਪਾਂ ਨੂੰ ਅਗਨ-ਭੇਟ ਕੀਤਾ ਗਿਆ ਸਿਖ ਰੈਫ਼ਰੈਂਸ ਲਾਇਬਰੇਰੀ ਦੇ ਦੁਰਲਭ ਗ੍ਰੰਥਾਂ ਅਤੇ ਕੇਂਦਰੀ ਸਿਖ ਅਜਾਇਬ ਘਰ ਦੀਆਂ ਦੁਰਲਭ ਇਤਿਹਾਸਕ ਤਸਵੀਰਾਂ ਨੂੰ ਤਬਾਹ ਕੀਤਾ ਗਿਆ, ਉਸ ਤੋਂ ਲਗਦਾ ਹੈ ਕਿ ਸਰਕਾਰ ਸਿਖਾਂ ਨੂੰ ਰਾਜਸੀ ਤੇ ਧਾਰਮਿਕ ਤੌਰ ਤੇ ਨਿਤਾਣਾ ਕਰਨ ਲਈ ਮਹਾਨ ਸਿਖ ਵਿਰਸੇ, ਸਿਖ ਇਤਿਹਾਸ, ਸਿਖ ਸਭਿਆਚਾਰ ਅਤੇ ਇਸ ਮਹਾਨ ਇਨਕਲਾਬੀ ਵਿਚਾਰਧਾਰਾ ਦੇ ਖ਼ਾਤਮੇ ਦੀ ਗੰਭੀਰ ਸਾਜ਼ਿਸ਼ ਤਿਆਰ ਕਰ ਚੁਕੀ ਹੈ। ਪਿਛਲੇ ਦਿਨੀਂ ਵਾਪਰੀਆਂ ਦੁਖਦਾਈ ਘਟਨਾਵਾਂ ਉਸੇ ਨਾਪਾਕ ਸਾਜ਼ਿਸ਼ ਦਾ ਹੀ ਸਿੱਟਾ ਹਨ।

ਦਿੱਲੀ ਦੇ ਹਾਕਮਾਂ ਵਲੋਂ ਭਾਰਤੀ ਫੌਜ ਰਾਹੀਂ ਸਿਖੀ ਉਤੇ ਹੋਏ ਇਸ ਵਹਿਸ਼ੀਆਨਾ ਤੇ ਜਾਬਰਾਨਾ ਹਮਲੇ ਦੌਰਾਨ ਜਿਨ੍ਹਾਂ ਹਜ਼ਾਰਾਂ ਸਿੰਘਾਂ ਸਿੰਘਣੀਆਂ ਅਤੇ ਮਾਸੂਮ ਬੱਚਿਆਂ ਨੇ ਸ਼ਹਾਦਤ ਦਾ ਜਾਮ ਪੀਤਾ ਹੈ, ਮੈਂ ਉਨ੍ਹਾਂ ਸਭ ਮਹਾਨ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਾ ਹਾਂ।

ਖਾਲਸਾ ਜੀ, ਅਜ ਜਦੋਂ ਸਰਕਾਰ ਨੇ ਸਾਰੀਆਂ ਪੰਥ-ਦੋਖੀ-ਸ਼ਕਤੀਆਂ ਨੂੰ ਨਾਲ ਲੈ ਕੇ ਤੇ ਮੁਗਲਾਂ ਦੇ ਪੈਰ-ਚਿੰਨ੍ਹਾਂ ਤੇ ਚਲਦੇ ਹੋਏ ਸਿਖੀ ਉਤੇ ਮਾਰੂ ਹਮਲਾ ਬੋਲਿਆ ਹੈ ਤਾਂ ਸਾਨੂੰ ਵੀ ਪੁਰਾਤਨ ਗੁਰਸਿਖਾਂ ਦੇ ਪੂਰਨਿਆਂ ਤੇ ਚਲਦਿਆਂ ਹੋਇਆਂ ਮਹਾਨ ਅਨੰਦਪੁਰੀ ਵਿਚਾਰਧਾਰਾ ਅਤੇ ਸਿਖੀ ਦੀ ਰਾਖੀ ਲਈ ਆਪਣੇ ਸਾਰੇ ਮਤਭੇਦ ਭੁਲਾ ਕੇ, ਇਕਮੁਠ ਹੋ ਕੇ ਦਿੱਲੀ ਦੇ ਇਹਨਾਂ ਨਵੇਂ ਔਰੰਗਜ਼ੇਬਾਂ ਦੇ ਮੁਕਾਬਲੇ ਤੇ ਡਟ ਜਾਣਾ ਚਾਹੀਦਾ ਹੈ।

ਗੁਰੂ ਖਾਲਸਾ ਜੀ, ਸਿਖ ਪੰਥ ਉਤੇ ਆਇਆ ਇਹ ਸੰਕਟ ਕਿੰਨਾ ਕੁ ਗੰਭੀਰ ਅਤੇ ਭਿਆਨਕ ਹੈ, ਇਸ ਦਾ ਅੰਦਾਜ਼ਾ ਤੁਸੀਂ ਇਸ ਤੋਂ ਲਗਾ ਸਕਦੇ ਹੋ ਕਿ ਹਜ਼ਾਰਾਂ ਬੇਗੁਨਾਹ ਅਤੇ ਮਾਸੂਮਾਂ ਦੇ ਲਹੂ ਦੀ ਹੋਲੀ ਖੇਡਣ ਤੋਂ ਬਾਅਦ ਵੀ, ਬੜੀ ਢੀਠਤਾਈ ਤੇ ਬੇਸ਼ਰਮੀ ਨਾਲ ਸਰਕਾਰ ਸ੍ਰੀ ਦਰਬਾਰ ਸਾਹਿਬ ਤੇ ਕਬਜ਼ਾ ਕਰੀ ਬੈਠੀ ਹੈ ਅਤੇ



www.AKJ.Org

ਸਿਖ ਸੰਗਤਾਂ ਨੂੰ ਸ੍ਰੀ ਦਰਬਾਰ ਸਾਹਿਬ ਦੇ ਖੁਲ੍ਹੇ ਦਰਸ਼ਨ ਦੀਦਾਰ ਤੋਂ ਵਾਂਝਾ ਰੱਖਿਆ ਜਾ ਰਿਹਾ ਹੈ।

ਅੱਜ ਸ੍ਰੀ ਦਰਬਾਰ ਸਾਹਿਬ, ਦਿੱਲੀ ਦੇ ਤਾਜਦਾਰਾਂ ਦੇ ਵਰਦੀਧਾਰੀ 'ਮੱਸੇ ਰੰਘੜਾਂ' ਦੇ ਕਬਜ਼ੇ ਵਿਚ ਹੈ। ਹਰ ਸਿਖ ਹਿਰਦਾ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਵਿਲਕ ਰਿਹਾ ਹੈ, ਪਰ ਭਾਰਤ ਦੀ ਪ੍ਰਧਾਨ ਮੰਤਰੀ ਸਿਖਾਂ ਦੀਆਂ ਜ਼ਖਮੀ ਭਾਵਨਾਵਾਂ ਨੂੰ ਠੰਡਿਆਂ ਕਰਨ ਦੀ ਬਜਾਏ ਆਪਣੇ ਏਜੰਟ ਨਿਹੰਗ ਸੰਤਾ ਸਿੰਘ ਨੂੰ 'ਕਾਰ ਸੇਵਾ' ਸੌਂਪ ਕੇ ਅਤੇ ਅਖੌਤੀ ਸਰਬੱਤ ਖਾਲਸਾ ਬੁਲਾ ਕੇ, ਲੰਬੇ ਸੰਘਰਸ਼ ਅਤੇ ਲਹੂ-ਭਿੱਜੀ ਜਦੋ-ਜਹਿਦ ਪਿਛੋਂ ਬਣੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਭੰਗ ਕਰਨ ਦੇ ਮਨਸੂਬੇ ਘੜ ਕੇ ਸਿਖਾਂ ਦੇ ਅੱਲ੍ਹੇ ਜ਼ਖਮਾਂ ਨੂੰ ਹੋਰ ਵਲੂੰਧਰ ਰਹੀ ਹੈ। ਇਥੇ ਹੀ ਬਸ ਨਹੀਂ, ਸਰਕਾਰ ਆਪਣੇ ਪਾਲਤੂ ਹਥ-ਠੋਕਿਆਂ ਰਾਹੀਂ ਸ੍ਰੀ ਅਕਾਲ ਤਖਤ ਸਾਹਿਬ ਦੀ ਸਰਵਉਚ ਸ਼ਕਤੀ ਨੂੰ ਵੰਗਾਰ ਕੇ, ਸਿਖ ਪ੍ਰੰਪਰਾਵਾਂ ਦਾ ਸਰਕਾਰੀ ਸ਼ਕਤੀ ਨਾਲ ਨਿਰਾਦਰ ਕਰ ਰਹੀ ਹੈ।

ਮੈਨੂੰ ਅਫਸੋਸ ਹੈ ਕਿ ਜਿਸ ਦੇਸ਼ ਦੀ ਆਜ਼ਾਦੀ ਦੀ ਪ੍ਰਾਪਤੀ, ਇਸ ਦੀ ਰਾਖੀ ਅਤੇ ਇਜ਼ਤ ਆਬਰੂ ਲਈ ਸਿਖ ਕੌਮ ਨੇ ਇਸ ਦੇਸ਼ ਦੇ ਲੋਕਾਂ ਨਾਲੋਂ ਕਿਤੇ ਵਧ ਲਹੂ ਡੋਲ੍ਹਿਆ ਹੈ, ਅਜ ਉਸ ਦੇਸ਼ ਦੀ ਅਕ੍ਰਿਤਘਣ ਸਰਕਾਰ, ਦੇਸ਼ ਦੇ ਰਾਖੇ ਅਤੇ ਕਰੋੜਾਂ ਭਾਰਤੀਆਂ ਦੇ ਮੂੰਹਾਂ ਵਿਚ ਅੰਨ ਪਾਉਣ ਵਾਲੇ ਸਿਖਾਂ ਦੇ ਖੂਨ ਵਿਚ ਨਹਾ ਰਹੀ ਹੈ।

ਖਾਲਸਾ ਜੀ, ਸਰਕਾਰ ਨੇ ਅਖੌਤੀ 'ਅੱਤਵਾਦ' ਤੇ 'ਵੱਖਵਾਦ' ਦਾ ਹਊਆ ਖੜਾ ਕਰ ਕੇ ਇਸ ਬਹਾਨੇ ਅੰਮ੍ਰਿਤਧਾਰੀ ਸਿੰਘਾਂ ਤੇ ਬੇਗੁਨਾਹ ਸਿਖਾਂ ਦਾ ਖੁਲ੍ਹਾ ਕਰਲੇਆਮ ਕਰਨ ਦਾ ਨਿਸਚਾ ਧਾਰ ਲਿਆ ਹੈ। ਅੱਜ ਭਾਰਤ ਦੀ ਫ਼ਿਰਕੂ ਸਰਕਾਰ ਦੀਆਂ ਫ਼ਿਰਕੂ ਨਜ਼ਰਾਂ ਵਿਚ ਹਰ ਸਿਖ ਹੀ ਅਤਵਾਦੀ ਤੇ ਵੱਖਵਾਦੀ ਹੈ।

ਪਿਛਲੇ ਦੋ ਸਾਲਾਂ ਤੋਂ ਵਧ ਸਮੇਂ ਤੋਂ ਸਿਖ ਕੌਮ ਸ਼੍ਰੋਮਣੀ ਅਕਾਲੀ ਦਲ ਅਤੇ ਸੰਤ ਬਾਬਾ ਹਰਚੰਦ ਸਿੰਘ ਜੀ ਲੌਂਗੋਵਾਲ ਦੀ ਅਗਵਾਈ ਵਿਚ ਕੇਂਦਰ ਸਰਕਾਰ ਦੇ ਧੱਕਿਆਂ ਤੇ ਵਿਤਕਰਿਆਂ ਵਿਰੁਧ ਅਤੇ ਸਿਖੀ ਦੀ ਅਜ਼ਾਦ ਹਸਤੀ ਦੀ ਰਾਖੀ ਲਈ ਸੰਘਰਸ਼-ਸ਼ੀਲ ਹੈ। ਇਸ ਸ਼ਾਂਤਮਈ ਧਰਮ-ਯੁਧ ਮੋਰਚੇ ਵਿਚ ਲੱਖਾਂ ਸਿੰਘਾਂ ਸਿੰਘਣੀਆਂ ਨੇ ਗ੍ਰਿਫਤਾਰੀਆਂ ਦਿੱਤੀਆਂ ਅਤੇ ਸੈਂਕੜੇ ਸਿੰਘ ਸ਼ਹੀਦ ਹੋਏ, ਪਰ ਸਰਕ ਰ ਨੇ ਸਿਖਾਂ ਨੂੰ ਇਨਸਾਫ਼ ਦੇਣ ਦੀ ਥਾਂ ਆਪਣੇ ਸਾਰੇ ਪ੍ਰਚਾਰ-ਸਾਧਨਾਂ ਨੂੰ ਸਿਖਾਂ ਨੂੰ ਬਦਨਾਮ ਕਰਨ ਲਈ ਝੋਕ ਦਿਤਾ।

ਮੈਂ ਸਮਝਦਾ ਹਾਂ ਕਿ ਸਰਕਾਰ ਸਿਖਾਂ ਨੂੰ ਰਾਜਸੀ ਤੇ ਧਾਰਮਿਕ ਤੌਰ ਤੇ ਹੀ ਨਿਰਬਲ ਨਹੀਂ ਕਰਨਾ ਚਾਹੁੰਦੀ, ਸਗੋਂ ਆਰਥਿਕ ਤੌਰ ਤੇ ਵੀ ਤਬਾਹ ਕਰ ਕੇ ਉਹਨਾਂ ਨੂੰ ਘਸਿਆਰੇ ਬਨਾਉਣ ਤੇ ਤੁਲੀ ਹੋਈ ਹੈ।

ਅਜ ਇਕ ਪਾਸੇ ਸਾਨੂੰ ਕੌਮੀ ਏਕਤਾ ਤੇ ਧਰਮ ਨਿਰਪੱਖਤਾ ਦਾ ਉਪਦੇਸ਼ ਦਿਤਾ ਜਾਂਦਾ ਹੈ, ਪਰ ਦੂਜੇ ਪਾਸੇ ਪੰਜਾਬ ਤੋਂ ਬਾਹਰ ਵਸਦੇ ਸਿਖਾਂ ਨਾਲ ਹਰ ਖੇਤਰ ਵਿਚ ਵਿਤਕਰਾ ਕਰ ਕੇ ਉਨ੍ਹਾਂ ਨੂੰ ਥਾਂ ਪੁਰ ਥਾਂ ਜ਼ਲੀਲ ਕਰਨ ਦੀ ਕੋਸ਼ਿਸ਼ ਹੁੰਦੀ ਹੈ। ਇਸ ਸੰਬੰਧ ਵਿਚ ਹਰਿਆਣੇ ਅਤੇ ਇੰਦੋਰ ਵਿਚ ਵਾਪਰੀਆਂ ਘਟਨਾਵਾਂ ਆਪ ਜੀ ਦੇ ਸਾਹਮਣੇ ਹਨ। ਇਸੇ ਤਰ੍ਹਾਂ ਜਿਥੇ ਦੇਸ਼ ਤੋਂ ਬਾਹਰ ਵਸਦੇ ਗ਼ੈਰ ਸਿਖ ਲੋਕਾਂ ਨੂੰ ਭਾਰਤ ਆਉਣ ਦੀ ਪੂਰੀ ਖੁਲ੍ਹ ਹੈ ਉਥੇ ਵਿਦੇਸ਼ਾਂ ਵਿਚ ਵਸਦੇ ਸਿਖਾਂ ਨੂੰ ਆਪਣੇ ਧਾਰਮਿਕ ਕੇਂਦਰਾਂ ਦੇ ਦਰਸ਼ਨ ਇਸ਼ਨਾਨ ਤੋਂ ਵਾਂਝਿਆ ਰਖਿਆ ਜਾ ਰਿਹਾ ਹੈ।

ਇਸ ਤੋਂ ਸਪਸ਼ਟ ਹੈ ਕਿ ਸਰਕਾਰ ਸਿਖਾਂ ਨੂੰ ਹਿੰਦੁਸਤਾਨੀ ਨਹੀਂ, ਸਗੋਂ ਦੂਜੇ ਦਰਜੇ ਦੇ ਸ਼ਹਿਰੀ ਤੇ ਗ਼ੁਲਾਮ ਸਮਝਦੀ ਹੈ।

ਮੈਂ ਜਿਥੇ ਭਾਰਤ ਵਿਚ ਰਹਿੰਦੇ ਉਨ੍ਹਾਂ ਗ਼ੈਰ ਸਿਖ ਨੇਤਾਵਾਂ, ਜਿਨ੍ਹਾਂ ਨੇ ਕੇਂਦਰੀ ਸਰਕਾਰ ਦੇ ਸਿਖ ਪੰਥ ਉਤੇ ਕੀਤੇ ਮਾਰੂ ਹਮਲੇ ਵਿਰੁਧ ਅਵਾਜ਼ ਉਠਾਈ, ਅਤੇ ਉਹਨਾਂ ਸਿਖਾਂ, ਜਿਨ੍ਹਾਂ ਨੇ ਆਪਣੀਆਂ ਪਦਵੀਆਂ ਅਤੇ ਸਨਮਾਨ ਰੋਸ ਵਜੋਂ ਸਰਕਾਰ ਨੂੰ ਮੋੜ ਦਿਤੇ, ਦਾ ਧੰਨਵਾਦ ਕਰਦਾ ਹਾਂ। ਉਨ੍ਹਾਂ ਬਹਾਦਰ ਤੇ ਧਰਮੀ ਸਿਖ ਫੌਜੀਆਂ, ਜਿਨ੍ਹਾਂ ਨੇ ਸਿਖੀ ਤੇ ਹੋਏ ਹਮਲੇ ਨੂੰ ਨਾ ਸਹਾਰਦਿਆਂ ਰੋਸ ਦਾ ਪ੍ਰਗਟਾਵਾ ਕੀਤਾ ਹੈ, ਦੀ ਵੀ ਭਰਪੂਰ ਪ੍ਰਸੰਸਾ ਕਰਦਾ ਹਾਂ ਤੇ ਵਿਸ਼ਵਾਸ ਦੁਆਉਂਦਾ ਹਾਂ ਕਿ ਨਾ-ਕੇਵਲ ਦੁਨੀਆ ਦੇ ਕੋਨੇ ਕੋਨੇ ਵਿਚ ਵਸਦਾ



www.AKJ.Org

ਸਿਖ ਉਹਨਾਂ ਦੀ ਕੁਰਬਾਨੀ ਦੀ ਹਮਾਇਤ ਕਰਦਾ ਹੈ, ਸਗੋਂ ਸਮੂੰਹ ਸਿਖ ਜਗਤ ਆਪਣੇ ਬਹਾਦਰ ਸਪੁਤਰਾਂ ਤੇ ਮਾਣ ਕਰਦਾ ਹੈ।

ਸੋ ਖਾਲਸਾ ਜੀ, ਭਾਰਤ ਦੇ ਸਾਮਰਾਜੀ ਹਾਕਮਾਂ ਨੇ ਕੌਮੀ ਏਕਤਾ, ਧਰਮ ਨਿਰਪੱਖਤਾ ਤੇ ਜਮਹੂਰੀਅਤ ਦੇ ਪਰਦੇ ਵਿਚ ਸਿਖ ਸ਼ਕਤੀ ਕੁਚਲਣ ਲਈ ਜੋ ਦਮਨ ਚਕਰ ਚਲਾਇਆ ਹੈ, ਅਜ ਲੋੜ ਇਸ ਜ਼ੁਲਮੀ ਤੇ ਜ਼ਾਬਰ ਸਿਖ ਵਿਰੋਧੀ ਰਾਜ ਦਾ ਟਾਕਰਾ ਕਰਨ ਤੇ ਕਗਲੀਧਰ ਪਿਤਾ ਦੇ ਸਾਜੇ ਖਾਲਸਾ ਪੰਥ ਦੀ ਰਾਖੀ ਦੀ ਹੈ।

ਅਜ ਸਿਖੀ ਦੀ ਹੋਂਦ ਨੂੰ ਖ਼ਤਰਾ ਪੈਦਾ ਹੋ ਗਿਆ ਹੈ। ਇਸ ਭਾਰੀ ਖ਼ਤਰੇ ਦਾ ਟਾਕਰਾ ਅਸੀਂ ਤਾਂ ਹੀ ਕਰ ਸਕਦੇ ਹਾਂ ਜੇ ਅਸੀਂ :

ਹੋਇ ਇਕਤ੍ਰ ਮਿਲਹੁ ਮੇਰੇ ਭਾਈ, ਦੁਬਿਧਾ ਦੂਰਿ ਕਰਹੁ ਲਿਵ ਲਾਇ ॥

ਦੇ ਗੁਰਵਾਕ ਅਨੁਸਾਰ ਆਪਣੇ ਸਿਆਸੀ ਤੇ ਜ਼ਾਤੀ ਮਤਭੇਦ ਭੁਲਾ ਕੇ ਖਾਲਸੇ ਦੇ ਸਾਜਣਹਾਰ ਕਲਗੀਧਰ ਪਿਤਾ ਦੇ ਕੇਸਰੀ ਨਿਸ਼ਾਨ ਦੀ ਛਾਵੇਂ ਚਟਾਨ ਵਾਂਗ ਡਟ ਜਾਈਏ। 'ਪੰਥਕ ਏਕਤਾ' ਸਮੇਂ ਦੀ ਲੋੜ ਹੈ। ਅੱਜ ਜ਼ਰੂਰਤ ਹੈ ਹਰ ਸਿਖ ਦੇ ਹਿਰਦੇ ਅਤੇ ਮੁਖ ਚੋਂ ਇਹ ਅਵਾਜ਼ ਨਿਕਲੇ ਕਿ "ਹੋਰ ਗੱਲਾਂ ਸਭ ਪਿਛੋਂ ਨੇ ਤੇ ਪੰਥ ਪਿਆਰਾ ਪਹਿਲਾਂ ਏ।" ਮੈਨੂੰ ਦੁਖ ਹੈ ਕਿ ਸਰਕਾਰ ਇਕ ਪਾਸੇ ਸਿਖਾਂ ਦੇ ਲਹੂ ਦੀ ਹੋਲੀ ਖੇਡ ਰਹੀ ਹੈ, ਦੂਜੇ ਪਾਸੇ ਸਿਖ ਕੌਮ ਨੂੰ 'ਲੀਡਰ ਰਹਿਤ' ਅਤੇ ਖੇਰੂੰ ਖੇਰੂੰ ਕਰਨ ਲਈ ਜੇਲ੍ਹਾਂ ਵਿਚ ਬੰਦ ਕੌਮ ਦੇ ਨੇਤਾਵਾਂ ਵਿਰੁਧ ਆਪਣੇ ਏਜੰਟਾਂ ਰਾਹੀਂ ਝੂਠਾ, ਨਿਰਅਧਾਰ ਤੇ ਗੁੰਮਰਾਹਕੁਨ ਪ੍ਰਚਾਰ ਕਰ ਰਹੀ ਹੈ। ਮੇਰੀ ਸਮੂੰਹ ਸੰਗਤ ਅਗੇ ਨਿਮਰਤਾ ਸਹਿਤ ਬਿਨੈ ਹੈ ਕਿ ਉਹ ਸਰਕਾਰ ਦੇ ਭਾੜੇ ਤੇ ਛਡੇ ਲੋਕਾਂ ਵਲੋਂ ਸਿਖ ਨੇਤਾਵਾਂ ਵਿਰੁਧ ਲਾਈਆਂ ਊਜਾਂ ਤੋਂ ਸੁਚੇਤ ਰਹਿਣ। ਇਹ ਉਹ ਲੋਕ ਹਨ ਜੋ ਸਿਖੀ ਤੋਂ ਖ਼ਾਰਜ ਹੋਏ ਨਿਹੰਗ ਸੰਤਾ ਸਿੰਘ ਅਤੇ ਦਿੱਲੀ ਦਰਬਾਰ ਦੇ ਗੁਲਾਮ ਬੂਟਾ ਸਿੰਘ ਦੀ ਬੋਲੀ ਬੋਲ ਕੇ ਸਿਖ ਸ਼ਕਤੀ ਨੂੰ ਖੇਰੂੰ ਖੇਰੂੰ ਕਰ ਕੇ ਆਪਣੀ ਰਾਜ-ਗੱਦੀ ਪੱਕੀ ਕਰਨੀ ਚਾਹੁੰਦੇ ਹਨ।

ਅਜ ਦੇ ਇਸ 'ਸਰਬ ਸੰਸਾਰ ਸਿਖ ਸੰਮੇਲਨ' ਸੱਦੇ ਜਾਣ ਦਾ ਮੁਖ ਮਨੋਰਥ ਜਿਥੇ ਪੰਥਕ ਏਕੇ ਨੂੰ ਮਜ਼ਬੂਤ ਕਰ ਕੇ ਸਰਕਾਰ ਦੀਆਂ ਨਾਪਾਕ ਸਾਜ਼ਸ਼ਾਂ ਨੂੰ ਫੇਲ੍ਹ ਕਰਨਾ ਹੈ, ਉਥੇ ਅਜ ਅਸਾਂ ਉਹ ਢੰਗ ਤਰੀਕੇ ਵੀ ਵਿਚਾਰਨੇ ਹਨ, ਜਿਨ੍ਹਾਂ ਨੂੰ ਅਪਣਾ ਕੇ ਸਿਖੀ ਦੀ ਅਜ਼ਾਦ ਹਸਤੀ, ਸਿਖ ਪਰੰਪਰਾਵਾਂ, ਬਾਣੀ, ਬਾਣੇ ਤੇ ਮਹਾਨ ਇਨਕਲਾਬੀ ਸਿਖ ਵਿਚਾਰਧਾਰਾ ਦੀ ਸੁਰੱਖਿਆ ਕੀਤੀ ਜਾ ਸਕੇ।

ਮੇਰਾ ਦ੍ਰਿੜ੍ਹ ਵਿਸ਼ਵਾਸ ਹੈ ਕਿ 'ਪੁਤਰਾਂ ਦਾ ਦਾਨੀ' ਸਤਿਗੁਰੂ ਮੇਹਰ ਕਰੇਗਾ ਅਤੇ ਖਾਲਸਾ ਪੰਥ ਅਕਾਲ ਪੁਰਖ ਦੀ ਓਟ ਲੈ ਕੇ ਵਿਸ਼ਾਲ 'ਪੰਥਕ ਏਕਤਾ' ਦੀ ਸ਼ਕਤੀ ਨਾਲ ਦਿੱਲੀ ਦੇ ਤਾਜਦਾਰਾਂ ਵਲੋਂ ਸਿਖੀ ਤੇ ਹਮਲਿਆਂ ਦਾ ਸ਼ਾਂਤਮਈ ਕੁਰਬਾਨੀ ਕਰ ਕੇ ਤਸੱਲੀਬਖਸ਼ ਜਵਾਬ ਦੇਵੇਗਾ।

ਮੈਂ ਦਿੱਲੀ ਦੇ ਤਖ਼ਤ ਤੇ ਬੈਠੇ ਹੁਕਮਰਾਨਾਂ ਨੂੰ ਚਿਤਾਵਨੀ ਦਿੰਦਾ ਹਾਂ ਕਿ ਉਹ ਸਿਖ ਪੰਥ ਵਿਰੁਧ ਦਮਨ ਚੱਕਰ ਚਲਾਉਣ ਵਾਲੀਆਂ ਪਹਿਲੀਆਂ ਸਰਕਾਰਾਂ ਦਾ ਹਸ਼ਰ ਨ ਭੁੱਲਣ ਅਤੇ ਸ੍ਰੀ ਅਕਾਲ ਪੁਰਖ ਦੇ ਰੱਬੀ ਤਖ਼ਤ ਨਾਲ ਟਕਰਾਉ ਖ਼ਤਮ ਕਰ ਕੇ ਕੀਤੇ ਦੀ ਭੁਲ ਬਖਸ਼ਾਉਣ ਤੇ ਸਿਖਾਂ ਨੂੰ ਕੁਚਲਣ ਦੇ ਮਨਸੂਬੇ ਤਿਆਗ ਦੇਣ।

ਮੈਂ ਸੰਸਾਰ ਭਰ ਦੇ ਸੁਤੰਤਰ ਤੇ ਇਨਸਾਫ਼-ਪਸੰਦ ਲੋਕਾਂ, ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਜੂਝਦੀਆਂ 'ਹਿਉਮੈਨ ਰਾਈਟਸ ਕਮਿਸ਼ਨ' ਅਤੇ 'ਐਮੇਨਿਸਟੀ ਇੰਟਰਨੈਸ਼ਨਲ' ਵਰਗੀਆਂ ਕੌਮਾਂਤਰੀ ਸੰਸਥਾਵਾਂ ਨੂੰ ਅਪੀਲ ਕਰਦਾ ਹਾਂ ਕਿ ਉਹ ਪੰਜਾਬ ਵਿਚ ਆਪਣੇ ਦਰਸ਼ਕ ਭੇਜ ਕੇ ਭਾਰਤ ਦੀ ਧਰਮ ਨਿਰਪੇਖਤਾ, ਲੋਕਤੰਤਰ ਅਤੇ ਧੜਿਆਂ ਤੋਂ ਨਿਰਲੇਪਤਾ ਦੀ ਠੇਕੇਦਾਰ ਸਰਕਾਰ ਵਲੋਂ ਸਿਖ ਕੌਮ ਉਤੇ ਢਾਹੇ ਗਏ ਅਣਮਨੁੱਖੀ ਜ਼ੁਲਮ ਅਤੇ ਫੌਜ ਰਾਹੀਂ ਉਨ੍ਹਾਂ ਦੇ ਧਰਮ ਅਸਥਾਨਾਂ ਵਿਚ ਜਾ ਕੇ, ਉਨ੍ਹਾਂ ਦੇ ਕੀਤੇ ਗਏ ਖੁਲ੍ਹੇ ਕਤਲਿ-ਆਮ ਬਾਰੇ ਜਾਂਚ ਪੜਤਾਲ ਕਰਨ ਤੇ ਭਾਰਤੀ ਸਰਕਾਰ ਦੇ ਜ਼ੁਲਮਾਂ ਦਾ ਸ਼ਿਕਾਰ ਹੋਏ ਸਿਖਾਂ ਨੂੰ ਇਨਸਾਫ ਦਿਵਾਣ 'ਚ ਸਹਾਈ ਹੋਣ।



www.AKJ.Org

ਅੰਤ ਵਿਚ ਮੈਂ ਸਰਕਾਰ ਨੂੰ ਚਿਤਾਵਨੀ ਦਿੰਦਾ ਹਾਂ ਕਿ ਉਹ ੩੦ ਸਤੰਬਰ ਤਕ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿਚੋਂ ਆਪਣੀਆਂ ਫ਼ੌਜਾਂ ਕੱਢ ਕੇ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਨੂੰ ਖਾਲਸਾ ਪੰਥ ਦੀ ਪ੍ਰਤੀਨਿਧ ਜਥੇਬੰਦੀ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਹਵਾਲੇ ਕਰ ਦੇਵੇ। ਜੇ ਸਰਕਾਰ ਨੇ ਤੀਹ ਸਤੰਬਰ ਤਕ ਸ੍ਰੀ ਦਰਬਾਰ ਸਾਹਿਬ ਵਿਚੋਂ ਫ਼ੌਜ ਨਾ ਕੱਢੀ ਤਾਂ ਮੈਂ ਸਮੂੰਹ ਸਿਖ ਜਗਤ ਨੂੰ ਅਪੀਲ ਕਰਦਾ ਹਾਂ ਕਿ ਤੀਹ ਸਤੰਬਰ ਨੂੰ ਸ੍ਰੀ ਦਰਬਾਰ ਸਾਹਿਬ ਦੀ ਅਜ਼ਾਦੀ ਲਈ ਸਿਰ ਤਲੀਆਂ ਤੇ ਰਖ ਕੇ ਸ੍ਰੀ ਅੰਮ੍ਰਿਤਸਰ ਵਲ ਮਾਰਚ ਕਰ ਦੇਣ ਤੇ ਇਕ ਅਕਤੂਬਰ ਨੂੰ ਸਵੇਰੇ ਸ੍ਰੀ ਅੰਮ੍ਰਿਤਸਰ ਪੁਜ ਜਾਣ। ਅਸੀਂ ਪੰਜੇ ਸਿੰਘ ਸਾਹਿਬ ਖ਼ੁਦ ਸ੍ਰੀ ਦਰਬਾਰ ਸਾਹਿਬ ਦੀ ਅਜ਼ਾਦੀ ਲਈ ੧ ਅਕਤੂਬਰ ਸਵੇਰੇ ੧੦ ਵਜੇ ਸ਼ਾਂਤਮਈ ਮਾਰਚ ਦੀ ਅਗਵਾਈ ਕਰਾਂਗੇ। ਭਾਵੇਂ ਇਸ ਲਈ ਸਰਕਾਰ ਕੋਈ ਵੀ ਜਬਰ ਤੇ ਜ਼ੁਲਮ ਕਰ ਲਵੇ, ਅਸੀਂ ਸ਼ਾਂਤਮਈ ਰਹਿ ਕੇ ਤੇ ਹਰ ਕੁਰਬਾਨੀ ਕਰ ਕੇ ਸ੍ਰੀ ਦਰਬਾਰ ਸਾਹਿਬ 'ਅਜ਼ਾਦ' ਕਰਵਾਵਾਂਗੇ।

ਇਕ ਵਾਰ ਮੈਂ ਫੇਰ ਸਰਬ ਸੰਸਾਰ ਸਿਖ ਸੰਮੇਲਨ ਵਿਚ ਸ਼ਾਮਲ ਹੋਏ ਸਮੂੰਹ ਮਾਈ ਭਾਈ ਦਾ ਹਾਰਦਿਕ ਸਵਾਗਤ ਕਰਦਾ ਹੋਇਆ ਆਪ ਪਾਸੋਂ ਖਿਮਾ ਦਾ ਜਾਚਕ ਹਾਂ ਅਤੇ ਸ੍ਰੀ ਦਰਬਾਰ ਸਾਹਿਬ ਤੇ ਗੁਰਧਾਮਾਂ ਦੀ ਅਜ਼ਾਦੀ ਲਈ ੧ ਅਕਤੂਬਰ ਨੂੰ ਸ਼ੁਰੂ ਹੋਣ ਵਾਲੇ ਸੰਘਰਸ਼ ਲਈ ਹੁਣ ਤੋਂ ਹੀ ਡਟ ਜਾਣ ਲਈ ਅਪੀਲ ਕਰਦਾ ਹਾਂ।

ਝੂਲਤੇ ਨਿਸ਼ਾਨ ਰਹੇਂ ਪੰਥ ਮਹਾਰਾਜ ਕੇ।

ਗੁਰੂ ਪੰਥ ਦਾ ਦਾਸ : ਸਹੀ—(ਕਿਰਪਾਲ ਸਿੰਘ) ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ

---

# ਪੰਥਕ ਸਮਾਚਾਰ

## ਵਿਸ਼ਵ ਸਿਖ ਸੰਮੇਲਨ ਚਿ ਦੋ ਲਖ ਸੰਗਤਾਂ ਸ਼ਾਮਲ

## ਦਰਬਾਰ ਸਾਹਿਬ ਫੌਜ ਤੋਂ ਮੁਕਤ ਕਰਾਣ ਲਈ *1-10-84* ਨੂੰ ਵਿਸ਼ਾਲ ਮਾਰਚ

ਮਾਰਚ ਦੀ ਅਗਵਾਈ ਸਿੰਘ ਸਾਹਿਬਾਨ ਕਰਨਗੇ—10 ਮਤੇ ਪਾਸ ਕੀਤੇ ਗਏ

**ਪਹਿਲੀ ਨੂੰ ਮਾਰਚ**—ਸੰਮੇਲਨ ਵਿਚ ਐਲਾਨ ਕੀਤਾ ਗਿਆ ਕਿ ਜੇ ਸ੍ਰੀ ਦਰਬਾਰ ਸਾਹਿਬ ਸਮੂੰਹ ਵਿਚੋਂ ੩੦ ਸਤੰਬਰ ਤਕ ਫੌਜ ਨਾ ਕਢੀ ਗਈ ਤਾਂ ਪੰਜ ਸਿੰਘ ਸਾਹਿਬਾਨ ਆਪਣੇ ਸ਼ਰਧਾਲੂਆਂ ਨਾਲ ਪਹਿਲੀ ਅਕਤੂਬਰ ਨੂੰ ਸਵੇਰੇ ੧੦ ਵਜੇ ਦਰਬਾਰ ਸਾਹਿਬ ਨੂੰ ਫੌਜ ਤੋਂ ਮੁਕਤ ਕਰਾਉਣ ਲਈ ਦਰਬਾਰ ਸਾਹਿਬ ਵਲ ਮਾਰਚ ਕਰਨਗੇ। ਸਿੰਘ ਸਾਹਿਬਾਨ ਨੇ ਸਿਖ ਸੰਗਤਾਂ ਨੂੰ ੩੦ ਸਤੰਬਰ ਤਕ ਅੰਮ੍ਰਿਤਸਰ ਪੁਜਣ ਦੀ ਅਪੀਲ ਕੀਤੀ ਤਾਂ ਜੁ ਸਰਕਾਰ ਕੋਈ ਹੋਰ ਰੁਕਾਵਟਾਂ ਖੜੀਆਂ ਨਾ ਕਰ ਸਕੇ। ਸੰਮੇਲਨ ਚਿ ਦਰਬਾਰ ਸਾਹਿਬ ਸਮੂਹ ਵਿਚ ਸ਼ਹੀਦ ਹੋਏ ਸਿੰਘਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ ਅਤੇ ਵੱਖ ਵੱਖ ਅਕਾਲੀ ਧੜਿਆਂ ਨੂੰ ਅਪੀਲ ਕੀਤੀ ਗਈ ਕਿ ਉਹ ਆਪਣੀ ਆਪਣੀ ਹੋਂਦ ਖ਼ਤਮ ਕਰਕੇ ਸ਼ਰੋਮਣੀ ਅਕਾਲੀ ਦਲ ਦੇ ਝੰਡੇ ਹੇਠਾਂ ਇਕੱਠੇ ਹੋ ਜਾਣ, ਜੋ ਇਕ ਪ੍ਰਮੁਖ ਸੰਸਥਾ ਹੈ।

**ਵਿਸ਼ਾਲ ਇਕੱਠ**—ਵਿਸ਼ਾਲ ਸਿੱਖ ਸੰਮੇਲਨ ਵਿਚ ਲਗਪਗ ਦੋ ਲੱਖ ਸਿੰਘ ਸ਼ਾਮਲ ਹੋਏ। ਪਾਬੰਦੀਆਂ ਅਤੇ ਰੋਕਾਂ ਦੇ ਬਾਵਜੂਦ ਸਿੱਖ ਸੰਗਤਾਂ ਅੰਮ੍ਰਿਤਸਰ ਪੁਜਣ ਵਿਚ ਸਫਲ ਹੋ ਗਈਆਂ। ਅੰਮ੍ਰਿਤਸਰ ਲਈ ਬਸ ਸੇਵਾ ਦੋ ਦਿਨ ਲਈ ਬੰਦ ਕਰ ਦਿਤੀ ਗਈ ਸੀ ਅਤੇ ਅੰਮ੍ਰਿਤਸਰ ਨੂੰ ਜਾਂਦੇ ਸਾਰੇ ਰਾਹਾਂ ਉਤੇ ਨਾਕਾਬੰਦੀ ਕਰ ਦਿਤੀ ਗਈ। ਪੁਲਾਂ ਉਤੇ ਤਲਾਸ਼ੀਆਂ ਲੈ ਕੇ ਲੋਕਾਂ ਨੂੰ ਅਗੇ ਜਾਣ ਦਿਤਾ ਜਾਂਦਾ ਸੀ। ਬੇਸ਼ੁਮਾਰ ਕਾਰਾਂ, ਜਿਨ੍ਹਾਂ ਵਿਚ ਸਿੰਘ ਸੰਮੇਲਨ ਵਿਚ ਸ਼ਾਮਲ ਹੋਣ ਲਈ ਅੰਮ੍ਰਿਤਸਰ ਵਲ ਜਾ ਰਹੇ ਸਨ ਰਾਹ ਚੋਂ ਹੀ ਵਾਪਸ ਮੋੜ ਦਿਤੀਆਂ ਗਈਆਂ।

**ਮਤਾ ਰੱਦ ਕਰ ਦਿਤਾ ਗਿਆ**—ਸੰਮੇਲਨ ਨੇ ਸਰਬੱਤ ਖਾਲਸਾ ਕਨਵੈਨਸ਼ਨ ਵਲੋਂ ਸ਼ਰੋਮਣੀ ਕਮੇਟੀ ਤੋੜਨ



www.AKJ.Org

ਪਾਸ ਕੀਤਾ ਗਿਆ ਮਤਾ ਵੀ ਰੱਦ ਕਰ ਦਿਤਾ। ਇਹ ਕਨਵੈਨਸ਼ਨ ੧੧ ਅਗਸਤ ਨੂੰ ਹੋਈ ਸੀ। ਕਨਵੈਨਸ਼ਨ ਬਾਬਾ ਸੰਤਾ ਸਿੰਘ ਨੇ ਸੱਦੀ ਸੀ, ਜਿਸ ਵਿਚ ਉਚ ਇੱਕਾ ਨੇਤਾ ਵੀ ਸ਼ਾਮਲ ਹੋਏ ਸਨ।

**ਤਨਖਾਹੀਆ ਕਰਾਰ**—ਪੰਜ ਸਿੰਘ ਸਾਹਿਬਾਨ ਵਲੋਂ ਸੱਦੇ ਗਏ ਵਿਸ਼ਵ ਸਿੱਖ ਸੰਮੇਲਨ ਵਿਚ ਅੱਜ ਰਾਸ਼ਟਰਪਤੀ ਅਤੇ ਕੇਂਦਰੀ ਪਾਰਲੀਮਾਨੀ ਮੰਤਰੀ ਸਰਦਾਰ ਬੂਟਾ ਸਿੰਘ ਨੂੰ ਤਨਖਾਹੀਆ ਕਰਾਰ ਦੇ ਦਿਤਾ ਹੈ। ਸ੍ਰੀ ਹਰਿਮੰਦਰ ਸਾਹਿਬ ਦੇ ਹੈੱਡ ਗਰੰਥੀ ਗਿਆਨੀ ਸਾਹਿਬ ਸਿੰਘ ਵਲੋਂ ਪੜ੍ਹੇ ਗਏ ਐਲਾਨ ਦਾ ਹਜ਼ਾਰਾਂ ਸੰਗਤਾਂ ਨੇ ਜੈਕਾਰਿਆਂ ਨਾਲ ਜ਼ੋਰਦਾਰ ਸਵਾਗਤ ਕੀਤਾ। ਮਤੇ ਦੇ ਰੂਪ ਵਿਚ ਇਸ ਐਲਾਨ ਵਿਚ ਰਾਸ਼ਟਰਪਤੀ ਤੇ ਦੋਸ਼ ਲਗਾਇਆ ਗਿਆ ਹੈ ਕਿ ਉਹਨਾਂ ਭਾਰਤੀ ਸੈਨਾਵਾਂ ਦੇ ਸੁਪਰੀਮ ਕਮਾਂਡਰ ਵਜੋਂ ਜੂਨ ੪-੫ ਦੀ ਦਰਮਿਆਨੀ ਰਾਤ ਨੂੰ ਫੌਜਾਂ ਨੂੰ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿਚ ਦਾਖਲ ਹੋਣ ਦਾ ਹੁਕਮ ਦੇ ਕੇ ਸਿਖਾਂ ਵਿਰੁਧ ਧਾਰਮਕ ਜੁਰਮ ਕੀਤਾ। ਮਤੇ ਵਿਚ ਰਾਸ਼ਟਰਪਤੀ ਦੇ ਮੁਕੰਮਲ ਬਾਈਕਾਟ ਦੀ ਕਾਲ ਦਿਤੀ ਗਈ ਅਤੇ ਉਨ੍ਹਾਂ ਨੂੰ ਅਕਾਲ ਤਖਤ ਸਾਹਿਬ ਸਾਹਮਣੇ ਪੇਸ਼ ਹੋ ਕੇ ਪਸ਼ਚਾਤਾਪ ਕਰਨ ਦੀ ਹਦਾਇਤ ਕੀਤੀ ਗਈ। ਮਤੇ ਵਿਚ ਰਾਸ਼ਟਰਪਤੀ ਵਲੋਂ ੮ ਜੂਨ ਨੂੰ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਸਮੇਂ ਸਿਖ ਪਰੰਪਰਾਵਾਂ ਦੀ ਘੋਰ ਉਲੰਘਣਾ ਕਰਨ ਦਾ ਦੋਸ਼ ਲਾਇਆ ਗਿਆ। ਮਤੇ ਵਿਚ ਰਾਸ਼ਟਰਪਤੀ ਨੂੰ ਕਿਹਾ ਗਿਆ ਕਿ ਉਹ ਬਿਨਾਂ ਸ਼ਰਤ ਮੁਆਫੀ ਮੰਗਣ। ਇਸ ਦੇ ਨਾਲ ਹੀ ਵਿਸ਼ਵ ਭਰ ਦੇ ਸਿੱਖਾਂ ਨੂੰ ਅਪੀਲ ਕੀਤੀ ਗਈ ਕਿ ਉਹ ਰਾਸ਼ਟਰਪਤੀ ਨੂੰ ਸਹਿਯੋਗ ਨਾ ਦੇਣ।

**੧੦ ਮਤੇ ਪਾਸ ਕੀਤੇ**—ਸਿੱਖ ਸੰਮੇਲਨ ਵਿਚ ਕੁਲ ੧੦ ਮਤੇ ਪਾਸ ਕੀਤੇ ਗਏ। ਪਹਿਲੇ ਮਤੇ ਰਾਹੀਂ ਰਾਸ਼ਟਰਪਤੀ ਸਿੰਘ ਅਤੇ ਪਾਰਲੀਮਾਨੀ ਮਾਮਲਿਆਂ ਬਾਰੇ ਮੰਤਰੀ ਸ: ਬੂਟਾ ਸਿੰਘ ਨੂੰ ਤਨਖਾਹੀਆ ਕਰਾਰ ਦਿੱਤਾ ਗਿਆ।

ਦੂਸਰੇ ਮਤੇ ਰਾਹੀਂ ਜੂਨ ੧੯੮੪ ਚਿ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਅਤੇ ਹੋਰ ਗੁਰਧਾਮਾਂ ਵਿਚ ਫੌਜੀ ਕਾਰਵਾਈ ਦੌਰਾਨ ਸ਼ਹੀਦ ਹੋਣ ਵਾਲੇ ਸਿੱਖ ਮਰਦਾਂ, ਇਸਤਰੀਆਂ ਅਤੇ ਬੱਚਿਆਂ ਨੂੰ ਸ਼ਰਧਾਂਜਲੀ ਅਰਪਨ ਕੀਤੀ ਗਈ। ਸੰਮੇਲਨ ਵਲੋਂ ਵਾਹਿਗੁਰੂ ਦੇ ਚਰਨਾਂ ਵਿਚ ਅਰਦਾਸ ਕੀਤੀ ਗਈ ਕਿ ਉਹ ਵਿਛੜੀਆਂ ਰੂਹਾਂ ਨੂੰ ਸ਼ਾਂਤੀ ਅਤੇ ਖਾਲਸਾ ਪੰਥ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ। ਪਹਿਲੇ ਮਤੇ 'ਚ ਕਿਹਾ ਗਿਆ ਹੈ ਕਿ ਸਰਕਾਰ ਨੇ ਸਿਖਾਂ ਦੇ ਭਗਤੀ ਦੇ ਕੇਂਦਰ ਸ੍ਰੀ ਹਰਿਮੰਦਰ ਸਾਹਿਬ ਨੂੰ ਗੋਲੀਆਂ ਨਾਲ ਛਨਣੀ ਕਰਕੇ ਅਤੇ ਸ਼ਕਤੀ ਦੇ ਕੇਂਦਰ ਸ੍ਰੀ ਅਕਾਲ ਤਖਤ ਸਾਹਿਬ ਨੂੰ ਢਹਿ ਢੇਰੀ ਕਰਕੇ ਸਮੁਚੀ ਸਿੱਖ ਕੌਮ ਨੂੰ ਚਨੌਤੀ ਦਿੱਤੀ ਹੈ।

ਤੀਸਰੇ ਮਤੇ ਰਾਹੀਂ ਸੰਤਾ ਸਿੰਘ ਵਲੋਂ ਸ੍ਰੀ ਅਕਾਲ ਤਖਤ ਸਾਹਿਬ ਦੀ ਸ਼ੁਰੂ ਕੀਤੀ ਗਈ ਕਾਰ ਸੇਵਾ ਦੀ ਨਿੰਦਾ ਕੀਤੀ ਗਈ ਅਤੇ ਇਸ ਨੂੰ ਸਰਕਾਰ ਸੇਵਾ ਕਰਾਰ ਦਿਤਾ ਗਿਆ। ਮਤੇ ਵਿਚ ਕਿਹਾ ਗਿਆ ਹੈ ਕਿ ਸੰਤਾ ਸਿੰਘ ਸਰਕਾਰ ਦੀ ਸ਼ਹਿ ਤੇ ਗੁਰਧਾਮਾਂ, ਸਿੱਖ ਰਵਾਇਤਾਂ ਅਤੇ ਰਹੁ-ਰੀਤਾਂ ਦਾ ਘੋਰ ਅਪਮਾਨ ਕਰ ਰਿਹਾ ਹੈ ਅਤੇ ਕੌਮ ਦੇ ਜ਼ਖਮਾਂ ਤੇ ਲੂਣ ਛਿੜਕ ਰਿਹਾ ਹੈ।

**ਮਾਰਚ ਬਾਰੇ ਐਲਾਨ**—ਸਭ ਤੋਂ ਮਹੱਤਵ ਪੂਰਨ ਮਤੇ ਰਾਹੀਂ ਪੰਜ ਸਿੰਘ ਸਾਹਿਬਾਨ ਨੇ ਐਲਾਨ ਕੀਤਾ ਕਿ ਉਹ ਹਰਿਮੰਦਰ ਸਾਹਿਬ ਕੰਪਲੈਕਸ ਨੂੰ ਹਥਿਆਰਬੰਦ ਫੌਜਾਂ ਤੋਂ ਮੁਕਤ ਕਰਾਉਣ ਲਈ ਇਕ 'ਮਾਰਚ' ਦੀ ਅਗਵਾਈ ਕਰਨਗੇ। ਇਹ 'ਮਾਰਚ' ਉਸ ਸੂਰਤ ਵਿਚ ਹੀ ਕੀਤਾ ਜਾਇਗਾ ਜੇਕਰ ਹਰਿਮੰਦਰ ਸਾਹਿਬ ਕੰਪਲੈਕਸ ਚੋਂ ੩੦ ਸਤੰਬਰ ਤਕ ਫੌਜ ਨਾ ਕੱਢੀ ਗਈ। 'ਮਾਰਚ' ਸੰਬੰਧੀ ਐਲਾਨ ਸਿੰਘ ਸਾਹਿਬ ਗਿਆਨੀ ਕਿਰਪਾਲ ਸਿੰਘ ਜੀ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਨੇ ਕੀਤਾ। ਜਦੋਂ ਇਹ ਮਤਾ ਪਾਸ ਕੀਤਾ ਗਿਆ ਤਾਂ ਇਕੱਠ 'ਚ ਸ਼ਾਮਿਲ ਕੁਝ ਲੋਕਾਂ ਨੇ ਮੰਗ ਕੀਤੀ ਕਿ ਅਜ ਹੀ ਸ੍ਰੀ ਹਰਿਮੰਦਰ ਸਾਹਿਬ ਵਲ ਮਾਰਚ ਕੀਤਾ ਜਾਏ। ਸਿੰਘ ਸਾਹਿਬ ਗਿਆਨੀ ਕਿਰਪਾਲ ਸਿੰਘ ਅਤੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਹੈੱਡ ਗਰੰਥੀ ਸਿੰਘ ਸਾਹਿਬ ਗਿਆਨੀ ਸਾਹਿਬ ਸਿੰਘ ਨੇ ੧੦-੧੫ ਮਿੰਟ ਵਿਚ ਪੂਰੇ ਯਤਨ ਨਾਲ ਸੰਗਤਾਂ ਨੂੰ ਸ਼ਾਂਤ ਕੀਤਾ, ਪਰ ੧੦-੧੫ ਮਿੰਟ ਸੰਮੇਲਨ ਵਿਚ ਕੁਝ ਵੀ ਸੁਣਾਈ ਨਾ ਦਿੱਤਾ।



www.AKJ.Org

**ਸੰਤਾ ਸਿੰਘ ਦੀ ਆਲੋਚਨਾ**—ਪੰਜਵੇਂ ਮਤੇ 'ਚ ਸੰਤਾ ਸਿੰਘ ਵਲੋਂ ਬੁਲਾਈ ਗਈ ਸਰਬੱਤ ਖਾਲਸਾ ਕਨਵੈਨਸ਼ਨ ਦੀ ਜ਼ੋਰਦਾਰ ਸ਼ਬਦਾਂ ਰਾਹੀਂ ਨਿੰਦਾ ਕੀਤੀ ਗਈ ਅਤੇ ਦੋਸ਼ ਲਾਇਆ ਗਿਆ ਕਿ ਇਹ ਕਨਵੈਨਸ਼ਨ ਸਰਕਾਰ ਨੇ ਸੰਤਾ ਸਿੰਘ ਨੂੰ ਅਗੇ ਲਗਾ ਕੇ ਆਪ ਕਰਵਾਈ। ਇਕ ਹੋਰ ਮਤੇ ਰਾਹੀਂ ਸਰਬੱਤ ਖਾਲਸਾ ਕਨਵੈਨਸ਼ਨ ਵਲੋਂ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਭੰਗ ਕਰਨ ਲਈ ਕੀਤੀ ਗਈ ਮੰਗ ਦੀ ਨਿੰਦਾ ਕੀਤੀ ਗਈ ਅਤੇ ਇਸ ਮੰਗ ਨੂੰ ਨਾ-ਮਨਜ਼ੂਰ ਕਰ ਦਿਤਾ ਗਿਆ। ਮਤੇ 'ਚ ਕਿਹਾ ਗਿਆ ਹੈ ਕਿ ਨਹਿਰੂ-ਤਾਰਾ ਸਿੰਘ ਪੈਕਟ ਅਧੀਨ ਸ਼ਰੋਮਣੀ ਕਮੇਟੀ ਦੇ ਜਨਰਲ ਹਾਊਸ ਦੀ ਪ੍ਰਵਾਨਗੀ ਤੋਂ ਬਿਨਾ ਕੋਈ ਤਬਦੀਲੀ ਨਹੀਂ ਕੀਤੀ ਜਾ ਸਕਦੀ।

**ਹੁਕਮਨਾਮਿਆਂ ਬਾਰੇ**—ਇਕ ਹੋਰ ਮਤੇ ਰਾਹੀਂ ਸੰਤਾ ਸਿੰਘ ਨੂੰ ਪੰਜ ਸਿੰਘ ਸਾਹਿਬਾਨ ਵਲੋਂ ਸਿੱਖ ਪੰਥ ਵਿਚੋਂ ਕੱਢੇ ਜਾਣ ਦੀ ਪਰੋੜਤਾ ਕੀਤੀ ਗਈ। ਇਕ ਹੋਰ ਮਤੇ ਰਾਹੀਂ ਪੰਜ ਸਿੰਘ ਸਾਹਿਬਾਨ ਨੂੰ ਅਪੀਲ ਕੀਤੀ ਗਈ ਕਿ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਹੋਏ ਹੁਕਮਨਾਮਿਆਂ ਤੇ ਕਿੰਤੂ ਜਾਂ ਇਤਰਾਜ਼ ਕਰਨ ਵਾਲਿਆਂ ਵਿਰੁਧ ਸਖ਼ਤ ਕਾਰਵਾਈ ਕੀਤੀ ਜਾਏ।

ਇਕ ਹੋਰ ਮਤੇ ਰਾਹੀਂ ਸਰਕਾਰ ਵਲੋਂ ਪਾਈਆਂ ਗਈਆਂ ਰੁਕਾਵਟਾਂ ਦੇ ਬਾਵਜੂਦ ਭਾਰੀ ਗਿਣਤੀ ਵਿਚ ਸੰਮੇਲਨ ਵਿਚ ਸ਼ਾਮਲ ਹੋਣ ਵਾਲੇ ਸਿੰਘਾਂ ਅਤੇ ਸਿੰਘਣੀਆਂ ਦੀ ਭਰਪੂਰ ਸਰਾਹਨਾ ਕੀਤੀ ਗਈ ਅਤੇ ਸਰਕਾਰ ਦੀ ਨਿੰਦਾ ਕੀਤੀ ਗਈ। ਇਸ ਮਤੇ ਵਿਚ ਦੋਸ਼ ਲਗਾਇਆ ਗਿਆ ਹੈ ਕਿ ਸਰਕਾਰ ਅੱਤਵਾਦੀਆਂ ਅਤੇ ਵੱਖਵਾਦੀਆਂ ਦੇ ਨਾਂ ਤੇ ਸਿੱਖਾਂ ਤੇ ਭਾਰੀ ਤਸ਼ੱਦਦ ਕਰ ਰਹੀ ਹੈ। ਇਕ ਹੋਰ ਮਤੇ ਰਾਹੀਂ ਸਰਕਾਰ ਤੋਂ ਮੰਗ ਕੀਤੀ ਗਈ ਕਿ ਪੰਜਾਬ ਤੋਂ ਬਾਹਰ ਸਿੱਖਾਂ ਨੂੰ ਪੂਰੀ ਸੁਰੱਖਿਆ ਪ੍ਰਦਾਨ ਕੀਤੀ ਜਾਏ। ਮਤੇ ਵਿਚ ਬਾਹਰਲੇ ਸੂਬਿਆਂ ਵਿਚ ਵਸਦੇ ਸਿੱਖਾਂ ਨੂੰ ਭਰੋਸਾ ਦਿੱਤਾ ਗਿਆ ਕਿ ਸਮੁਚਾ ਸਿੱਖ ਪੰਥ ਹਰ ਔਕੜ ਵਿਚ ਉਹਨਾਂ ਦਾ ਡੱਟ ਕੇ ਸਾਥ ਦੇਵੇਗਾ।......

**ਸੁਰੱਖਿਆ ਪਰਬੰਧ**—ਪੰਜਾਬ ਸਰਕਾਰ ਅਤੇ ਜ਼ਿਲਾ ਅਧਿਕਾਰੀਆਂ ਨੇ ਸੰਮੇਲਨ ਦੇ ਮੁਕਾਬਲੇ ਲਈ ਵਿਸ਼ਾਲ ਸੁਰੱਖਿਆ ਪ੍ਰਬੰਧ ਕੀਤੇ ਹੋਏ ਸਨ। ਅੰਮ੍ਰਿਤਸਰ ਵਿਚ ਫ਼ੌਜ ਅਤੇ ਸੀਮਾ ਫੋਰਸ ਤਾਇਨਾਤ ਕੀਤੀ ਗਈ ਸੀ ਅਤੇ ਸ਼ਹਿਰ ਵਿਚ ਭਾਰੀ ਗਸ਼ਤ ਰਹੀ। ਸਾਰੇ ਚੌਕਾਂ ਵਿਚ ਸੁਰੱਖਿਆ ਸੈਨਾਵਾਂ ਦੇ ਜਵਾਨ ਖੜੇ ਸਨ। ਗੁਰਦੁਆਰਾ ਸ਼ਹੀਦਾਂ, ਜਿਥੇ ਕਿ ਸਿੱਖ ਸੰਮੇਲਨ ਹੋ ਰਿਹਾ ਸੀ, ਪੁਲਸ ਨੇ ਪੂਰੀ ਤਰ੍ਹਾਂ ਘੇਰਿਆ ਹੋਇਆ ਸੀ। ਗੁਰਦੁਆਰੇ ਨੂੰ ਜਾਂਦੇ ਸਾਰੇ ਰਾਹ ਸੀਲ ਕਰ ਦਿਤੇ ਗਏ ਸਨ ਤਾਂ ਜੁ ਸੰਗਤਾਂ ਅਗੇ ਨਾ ਜਾ ਸਕਣ।

**ਗ੍ਰਿਫਤਾਰੀਆਂ ਦਾ ਚੱਕਰ**—ਵਿਸ਼ਵ ਸਿੱਖ ਸੰਮੇਲਨ ਦੇ ਸੰਬੰਧ ਵਿਚ ਪਿਛਲੇ ੫ ਦਿਨਾਂ ਤੋਂ ਵੱਖ ਵੱਖ ਸ਼ਹਿਰਾਂ ਵਿਚ ਅਕਾਲੀ ਲੀਡਰਾਂ ਦੀ ਗ੍ਰਿਫਤਾਰੀ ਦਾ ਕੰਮ ਜਾਰੀ ਸੀ। ਪੁਲਸ ਨੇ ਲੀਡਰਾਂ ਅਤੇ ਵਰਕਰਾਂ ਦੇ ਘਰਾਂ ਵਿਚ ਛਾਪੇ ਮਾਰ ਕੇ ਲਗਪਗ ੧੫੦੦ ਨੇਤਾਵਾਂ ਅਤੇ ਵਰਕਰਾਂ ਨੂੰ ਗ੍ਰਿਫਤਾਰ ਕਰ ਲਿਆ ਸੀ।

ਸਾਡੇ ਪੱਤਰ-ਪ੍ਰੇਰਕ ਅਨੁਸਾਰ ਅੰਮ੍ਰਿਤਸਤ ਦੀਆਂ ਸੰਗਤਾਂ ਵਲੋਂ ਥਾਂ ਥਾਂ ਤੇ ਸੰਮੇਲਨ ਲਈ ਪੁਜੇ ਸ਼ਰਧਾਲੂਆਂ ਲਈ ਲੰਗਰ ਅਤੇ ਚਾਹ ਦੇ ਪ੍ਰਬੰਧ ਕੀਤੇ ਗਏ ਸਨ।

**ਗੁਰਦਵਾਰਿਆਂ ਨੂੰ ਘੇਰਾ**—ਵਿਸ਼ਵ ਸਿੱਖ ਸੰਮੇਲਨ ਦੇ ਸੰਬੰਧ ਵਿਚ ਸੰਗਤਾਂ ਨੂੰ ਅੰਮ੍ਰਿਤਸਰ ਜਾਣ ਤੋਂ ਰੋਕਣ ਲਈ ਪੁਲਸ ਨੇ ਸਵੇਰ ਤੋਂ ਹੀ ਪੰਜਾਬ ਭਰ ਦੇ ਸ਼ਹਿਰਾਂ ਵਿਚ ਗੁਰਦਵਾਰਿਆਂ ਨੂੰ ਘੇਰਾ ਪਾਇਆ ਹੋਇਆ ਸੀ। ਜਲੰਧਰ ਵਿਚ ਗੁਰਦੁਆਰਾ ਮਾਡਲ ਟਾਊਨ, ਮਿਸ਼ਨ ਹਸਪਤਾਲ, ਬਜ਼ਾਰ ਸ਼ੇਖਾਂ, ਗੁਰਦਵਾਰਾ ਦੀਵਾਨ ਅਸਥਾਨ, ਦੁਆਬਾ ਸਿੰਘ ਸਭਾ ਆਦਿ ਦੇ ਬਾਹਰ ਭਾਰੀ ਗਿਣਤੀ ਵਿਚ ਪੁਲਸ ਬੈਠੀ ਹੋਈ ਸੀ। ਇਨ੍ਹਾਂ ਗੁਰਦਵਾਰਿਆਂ ਵਿਚ ਦੀਵਾਨ ਸਜਾਏ ਗਏ ਤੇ ਮੌਜੂਦਾ ਪੰਥਕ ਹਾਲਤ ਬਾਰੇ ਚਾਨਣਾ ਪਾਇਆ ਗਿਆ। ਲੁਧਿਆਣਾ ਤੋਂ ਸ: ਮੁਸਾਫਰ ਦੀ ਸੂਚਨਾ ਅਨੁਸਾਰ ਗੁਰਦੁਆਰਾ ਕਲਗੀਧਰ ਸਿੰਘ ਸਭਾ ਦੇ ਦੋਹੀਂ ਪਾਸੀਂ ਚੌਕ ਰੋੜੀ ਮਹੱਲਾ ਤੇ ਜੇਲ੍ਹ ਰੋਡ ਤੇ ਪੁਲਸ-ਫ਼ੋਰਸ ਤੈਨਾਤ ਕਰ ਦਿੱਤੀ ਗਈ। ਫੌਜੀਆਂ, ਜੋ ਜੀਪਾਂ ਵਿਚ ਸਵਾਰ ਸਨ, ਨੇ ਸਟੇਨਗੰਨਾਂ ਚੁੱਕੀਆਂ ਹੋਈਆਂ ਸਨ।



www.AKJ.Org

ਕਿਸੇ ਅਕਾਲੀ ਨੂੰ ਬੋਲਣ ਨਾ ਦਿਤਾ ਗਿਆ—ਯੂ. ਐਨ. ਆਈ. ਅਨੁਸਾਰ ਅਜ ਇਥੇ ਵਿਸ਼ਵ ਸਿਖ ਸੰਮੇਲਨ ਦੀ ਸਟੇਜ ਤੇ ਮੌਜੂਦ ਕਿਸੇ ਵੀ ਅਕਾਲੀ ਨੇਤਾ ਜਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧਿਕਾਰੀ ਨੂੰ ਬੋਲਣ ਦੀ ਆਗਿਆ ਨਾ ਦਿਤੀ ਗਈ। —ਅਜੀਤ, ੩-੯-੮੪

# ਅਸੀਂ ਖਾਲਿਸਤਾਨ ਦੇ ਸਮਰਥਕ ਨਹੀਂ ਪਰ......

## ਬੁੱਢਾ ਦਲ ਦੇ ਨਵੇਂ ਮੁਖੀ ਬਾਬਾ ਪ੍ਰੀਤਮ ਸਿੰਘ ਨਾਲ ਇਕ ਇੰਟਰਵਿਊ—

? ਇਸ ਸਮੇਂ ਬੁੱਢਾ ਦਲ ਦੇ ਕਿੰਨੇ ਕੁ ਨਿਹੰਗ ਤੁਹਾਡੇ ਨਾਲ ਹਨ ? —ਅੱਠ ਹਜ਼ਾਰ ਤੋਂ ਉੱਪਰ।

? ਬੁੱਢਾ ਦਲ ਵਿਚ ਕੁਲ ਕਿੰਨੇ ਨਿਹੰਗ ਸਿੰਘ ਹਨ ?

—ਕੁਲ ਸੰਖਿਆ ਸਹੀ ਨਹੀਂ ਦਸ ਸਕਦੇ, ਕਿਉਂਕਿ ਕੁਝ ਲੋਕ ਜਾਅਲੀ ਸਰਟੀਫਿਕੇਟ ਬਣਾਉਂਦੇ ਰਹੇ ਹਨ।

? ਕੀ ਤੁਹਾਨੂੰ ਆਸ ਹੈ ਕਿ ਸੰਤਾ ਸਿੰਘ ਤੁਹਾਡੇ ਨਾਲ ਟੱਕਰ ਲਏਗਾ ?

—ਸਰਕਾਰ ਤੇ ਉਹ ਦੋਵੇਂ ਮਿਲ ਕੇ ਟੱਕਰ ਲੈ ਸਕਦੇ ਹਨ, ਪਰ ਸੰਗਤ ਸਾਹਮਣੇ ਕੋਈ ਨਹੀਂ ਅੜ ਸਕੇਗਾ।

? ਕੀ ਤੁਸੀਂ ਕਿਸੇ ਰਾਜਸੀ ਪਾਰਟੀ ਨਾਲ ਜੁੜਨਾ ਪਸੰਦ ਕਰੋਗੇ ਜਾਂ ਬੁੱਢਾ ਦਲ ਦੀ ਵੱਖਰੀ ਹਸਤੀ ਕਾਇਮ ਰੱਖੋਗੇ ?

—ਅਸੀਂ ਆਪਣੀ ਧਾਰਮਿਕ ਹਸਤੀ ਕਾਇਮ ਰਖਾਂਗੇ ?

? ਮੁਖੀ ਬਣਨ ਤੋਂ ਬਾਅਦ ਹੁਣ ਤੁਹਾਡੇ ਕੀ ਨਿਸ਼ਾਨੇ ਹਨ ? —ਸੰਗਤ ਨਾਲ ਮਿਲ ਕੇ ਗੁਰਧਾਮ ਆਜ਼ਾਦ ਕਰਵਾਉਣੇ ਤੇ ਉਨ੍ਹਾਂ ਦੀ ਰਖਿਆ ਕਰਨੀ। ਗੁਰੂ ਗੋਬਿੰਦ ਸਿੰਘ ਜੀ ਦਾ ਬਖਸ਼ਿਆ ਖਾਲਸਈ ਸਰੂਪ ਕਾਇਮ ਰੱਖਣਾ।

? ਜਿਵੇਂ ਕਿ ਇਹ ਆਮ ਚਰਚਾ ਹੈ ਕਿ ਬੁੱਢਾ ਦਲ ਦੇ ਨਿਹੰਗ ਨਸ਼ਿਆਂ ਦੇ ਸ਼ਿਕਾਰ ਨੇ, ਕੀ ਤੁਸੀਂ ਇਸ ਪੱਖੋਂ ਸੁਧਾਰ ਲਿਆਉਣ ਲਈ ਕੁਝ ਕਰੋਗੇ ? —ਵੱਧ ਤੋਂ ਵੱਧ ਧਿਆਨ ਨਸ਼ੇ ਦੂਰ ਕਰਨ ਵਲ ਦਿੱਤਾ ਜਾਵੇਗਾ। ਚਾਹੇ ਉਹ ਨਸ਼ਾ ਸੁੱਖੇ ਦਾ ਹੈ ਚਾਹੇ ਅਫੀਮ ਦਾ ਤੇ ਚਾਹੇ ਸ਼ਰਾਬ ਦਾ।

? ਕੀ ਤੁਸੀਂ ਸਮਝਦੇ ਹੋ ਕਿ ਬੁੱਢਾ ਦਲ ਦੀ ਹੱਸਤੀ ਸਿੱਖਾਂ ਨਾਲੋਂ ਵੱਖਰੀ ਹੈ ਕਿ ਉਨ੍ਹਾਂ ਤੇ ਹੁਕਮਨਾਮੇ ਲਾਗੂ ਨਹੀਂ ਹੁੰਦੇ ਜਿਵੇਂ ਕਿ ਸੰਤਾ ਸਿੰਘ ਆਖਦਾ ਹੈ ? —ਨਹੀਂ। ਪੰਜ ਸਿੰਘ ਸਾਹਿਬਾਨ ਤੇ ਅਕਾਲ ਤਖ਼ਤ ਦਾ ਹੁਕਮਨਾਮਾ ਹਰ ਸਿਖ ਤੇ ਲਾਗੂ ਹੁੰਦਾ ਹੈ ਚਾਹੇ ਉਹ ਦੁਨੀਆ 'ਚ ਕਿਤੇ ਵੀ ਰਹਿੰਦਾ ਹੋਵੇ।

? ਕੀ ਤੁਸੀਂ ਖਾਲਿਸਤਾਨ ਦੇ ਸਮਰਥਕ ਹੋ ? —**ਨਹੀਂ, ਅਸੀਂ ਖਾਲਿਸਤਾਨ ਦੇ ਸਮਰਥਕ ਨਹੀਂ, ਪਰ ਅਸੀਂ ਖਾਲਸਈ ਸਰੂਪ ਕਾਇਮ ਰੱਖਣਾ ਚਾਹੁੰਦੇ ਹਾਂ।**

? ਸਿੱਖਾਂ ਦਾ ਭਵਿੱਖ ਕਿਹੋ ਜਿਹਾ ਹੈ ? —ਭਵਿੱਖ ਤਾਂ ਵੈਸੇ ਅੱਛਾ ਹੀ ਹੈ ਪਰ ਸਰਕਾਰ ਇਸ ਸਮੇਂ ਮਨਮਾਨੀਆਂ ਕਰ ਰਹੀ ਹੈ। ਬਹਾਦਰੀ ਨਾਲ ਹੀ ਦੇਸ਼ ਤੇ ਕੌਮ ਦੀ ਰਾਖੀ ਹੋ ਸਕਦੀ ਹੈ।

? ਕੀ ਤੁਹਾਨੂੰ ਸਰਕਾਰ ਨਾਲ ਅਕਾਲੀਆਂ ਦੇ ਸਮਝੌਤੇ ਦੀ ਕੋਈ ਆਸ ਹੈ ? —ਸਮਝੌਤੇ ਨੂੰ ਹੁਣ ਕੀ ਰਹਿ ਗਿਐ। ਹੁਣ ਤਾਂ ਸਿੱਖੀ ਸਰੂਪ ਕਾਇਮ ਰੱਖਣਾ ਤੇ ਗੁਰਧਾਮ ਆਜ਼ਾਦ ਕਰਵਾਉਣੇ ਹੀ ਸਾਡਾ ਮਿਸ਼ਨ ਹੈ।

? ਕੀ ਤੁਸੀਂ ਕੁਝ ਹੋਰ ਕਹਿਣਾ ਚਾਹੋਗੇ ?

—ਸਰਕਾਰ ਸੂਝ ਤੋਂ ਕੰਮ ਲਵੇ। ਨਾ ਖਾਲਸਾ ਮਰਿਆ ਹੈ ਤੇ ਨਾ ਮਰੇਗਾ। ਜਿੰਨਾ ਸੰਤਾ ਸਿੰਘ ਨੂੰ ਚਕ ਕੇ ਲੜਾਈ ਭਿੜਾਈ ਕਰਵਾਉਗੇ ਉਨਾ ਹੀ ਰਾਜ ਚਿ ਨੁਕਸਾਨ ਹੋਵੇਗਾ। —ਅਜੀਤ, ੨੦-੯-੮੪

---

**ਭਾਈ ਮਹਿੰਦਰ ਸਿੰਘ ਜੀ ਹਰਦੁਆਰ ਵਾਲੇ** ਕੀਰਤਨੀ ਸਿੰਘ ਹਰਦੁਆਰ ਤੋਂ ਤਬਦੀਲ ਹੋ ਗਏ ਹਨ। ਹੁਣ ਉਨ੍ਹਾਂ ਦਾ ਐਡਰੈਸ ਹੈ—**M. S. Deogun Sr Engineer BHEL** ਗੋਇੰਦਵਾਲ ਸਾਹਿਬ (ਅੰਮ੍ਰਿਤਸਰ)

---

**ਪਾਠਕ ਜੀ !** ਦਿਲੀ ਸਮਾਗਮ ਕੈਂਸਲ ਹੋਣ ਕਰਕੇ ਚੰਦੇ ਦਿਲੀ ਵਿਖੇ ਦਸਤੀ ਵਸੂਲ ਨਹੀਂ ਕੀਤੇ ਜਾ ਸਕਦੇ। ਹੁਣ ਤੁਸੀਂ ਚੰਦੇ ਮਨੀਆਰਡਰ ਰਾਹੀਂ ਭੇਜ ਦੇਵੋ ਜੀ।

www.AKJ.Org

## ਦਿਲੀ ਸਾਲਾਨਾ ਅਖੰਡ ਕੀਰਤਨ ਸਮਾਗਮ ਕੈਂਸਲ

ਦਿਲੀ ਵਿਖੇ ੩੦ ਸਤੰਬਰ ਤੋਂ ੪ ਅਕਤੂਬਰ ੮੪ ਤਕ ਹੋਣ ਵਾਲੇ ਸਾਲਾਨਾ ਅਖੰਡ ਕੀਰਤਨ ਸਮਾਗਮ, ਕੁਝ ਮਜਬੂਰੀਆਂ ਕਾਰਨ ਕੈਂਸਲ ਕਰਨੇ ਪੈ ਗਏ ਹਨ। ਐਤਕੀ ਦਿਲੀ ਵਿਖੇ ਇਹ ਕੀਰਤਨ ਸਮਾਗਮ ਨਹੀਂ ਹੋ ਰਹੇ।

ਦਾਸਰੇ–ਅਖੰਡ ਕੀਰਤਨੀ ਜਥਾ, ਦਿਲੀ

## ਬਠਿੰਡੇ ਵਿਖੇ ਸਾਲਾਨਾ ਪੁਰਬ ਨਾਨਕ-ਨਿਰੰਕਾਰੀ ਦੇ ਪ੍ਰਕਾਸ਼-ਉਤਸ਼ਵ

### ੫ ਨਵੰਬਰ ਸੋਮਵਾਰ ਸ਼ਾਮ ਤੋਂ ੯ ਨਵੰਬਰ ੧੯੮੪ ਸ਼ੁਕਰਵਾਰ ਸਵੇਰ ਤਕ

ਅਖੰਡ ਕੀਰਤਨੀ ਜਥਿਆਂ ਵਲੋਂ ਬਠਿੰਡਾ ਵਿਖੇ ਵਿਸ਼ਾਲ ਪੱਧਰ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸ਼ਵ ਦੇ ਸੰਬੰਧ ਵਿਚ ਕੀਰਤਨ-ਸਮਾਗਮ ਹੋ ਰਹੇ ਹਨ। ਇਹ ਸਮਾਗਮ ਇਸ ਸਾਲ ਜਲੰਧਰ ਦੀ ਥਾਂ ਬਠਿੰਡੇ ਵਿਚ ਮਨਾਇਆ ਜਾ ਰਿਹਾ ਹੈ। ਸਿਖ ਸੰਗਤਾਂ ਕੀਰਤਨ ਦੇ ਲਾਹੇ ਪ੍ਰਾਪਤ ਕਰਨ ਲਈ ਬਠਿੰਡੇ ਪੁਜ ਕੇ ਦਾਸਾਂ ਨੂੰ ਨਿਵਾਜਣ ਅਤੇ ਪਾਵਨ ਗੁਰਧਾਮਾਂ ਦੀ ਯਾਤਰਾ ਕਰ ਕੇ ਗੁਰੂ ਬਾਬੇ ਦੀਆਂ ਖੁਸ਼ੀਆਂ ਪ੍ਰਾਪਤ ਕਰਨ। ਪ੍ਰੋਗਰਾਮ ਹੇਠਾਂ ਦਰਜ ਹੈ।

੫-੧੧-੮੪ ਸ਼ਾਮ ੬ ਤੋਂ ੯ ਕੀਰਤਨ ਗੁਰਦੁਆਰਾ ਹਾਜੀ ਰਤਨ ਪਾਤਸ਼ਾਹੀ ਪਹਿਲੀ ਤੇ ਦਸਵੀਂ

੬-੧੧-੮੪ ਸਵੇਰੇ ੪ ਤੋਂ ੭ ਕੀਰਤਨ ਆਸਾ ਦੀ ਵਾਰ, ਉਪਰੰਤ ਅਰਭ ਸ੍ਰੀ ਅਖੰਡਪਾਠ, ਗੁਰਦੁਆਰਾ ਹਾਜੀ ਰਤਨ
ਸ਼ਾਮ ੩ ਤੋਂ ੬ ਕੀਰਤਨ ਲੱਖੀ ਜੰਗਲ (ਗੁਰਦੁਆਰਾ ਪਾ: ੧, ਪਾ: ੬, ਪਾ: ੭ ਤੇ ਪਾ: ੧੦)

੭-੧੧-੮੪ ਸਵੇਰੇ ੫ ਤੋਂ ੧੨ ਕੀਰਤਨ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਹਬੋ।
ਸ਼ਾਮ ੬ ਤੋਂ ੯ ਕੀਰਤਨ ਗੁਰਦੁਆਰਾ ਪਾਤਸ਼ਾਹੀ ਦਸਵੀਂ ਕਿਲ੍ਹਾ ਬਠਿੰਡਾ ਵਿਖੇ

੮-੧੧-੮੪ ਸਵੇਰੇ ੫ ਵਜੇ ਭੋਗ ਸ੍ਰੀ ਅਖੰਡਪਾਠ, ਉਪਰੰਤ ਇਕ ਵਜੇ ਦੁਪਹਿਰ ਤਕ ਕੀਰਤਨ ਗੁਰਦੁਆਰਾ ਹਾਜੀ ਰਤਨ
ਸ਼ਾਮ ੫ ਵਜੇ ਅੰਮ੍ਰਿਤ ਸਿੰਚਾਰ ਸਮਾਗਮ ਅਰੰਭ ਹੋਵੇਗਾ।
ਸ਼ਾਮ ੭ ਵਜੇ ਅਰੰਭ ਰੈਣ ਸਬਾਈ ਕੀਰਤਨ, ਅਤੇ ੯-੧੧-੮੪ ਸਵੇਰੇ ੬ ਵਜੇ ਸਮਾਪਤੀ

ਨੋਟ—(੧) ਰਿਹਾਇਸ਼ ਤੇ ਲੰਗਰ ਗੁਰਦੁਆਰਾ ਹਾਜੀ ਰਤਨ ਵਿਖੇ। (੨) ਲੱਖੀ ਜੰਗਲ ਅਤੇ ਤਖ਼ਤ ਦਮਦਮਾ ਸਾਹਿਬ ਨੂੰ ਆਉਣ ਜਾਣ ਲਈ ਵਿਸ਼ੇਸ਼ ਬਸਾਂ ਦਾ ਪਰਬੰਧ ਹੋਵੇਗਾ। (੩) ਅਨੰਦ ਕਾਰਜ ੯-੧੧-੮੪ ਸਵੇਰੇ ੫ ਵਜੇ ਹੋਣਗੇ।

ਦਾਸਰੇ—ਅਖੰਡ ਕੀਰਤਨੀ ਜਥਾ, ਬਠਿੰਡਾ

## ਸ੍ਰੀ ਗੁਰੂ ਗ੍ਰੰਥ ਸਾਹਿਬ ਗਦੀ ਨਸ਼ੀਨੀ ਗੁਰਪੁਰਬ ਚੰਡੀਗੜ੍ਹ ਵਿਖੇ

### ੨੪ ਅਕਤੂਬਰ ਬੁਧਵਾਰ ਸਵੇਰ ਤੋਂ ੨੮ ਅਕਤੂਬਰ ੮੪ ਐਤਵਾਰ ਸਵੇਰ ਤਕ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਗਦੀ-ਨਸ਼ੀਨੀ ਗੁਰਪੁਰਬ ਚੰਡੀਗੜ੍ਹ ਗੁਰਦੁਆਰਾ ੧੯-ਡੀ ਵਿਖੇ ਬੜੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਸਮੂਹ ਅਖੰਡ-ਕੀਰਤਨੀ ਜਥੇ ਤੇ ਸਿਖ-ਸੰਗਤਾਂ ਹਾਜ਼ਰੀਆਂ ਭਰ ਕੇ ਦਾਸਾਂ ਨੂੰ ਨਿਵਾਜਣ।

੨੪ ਅਕਤੂਬਰ ਸਵੇਰੇ ੪ ਤੋਂ ੬ ਕੀਰਤਨ ਆਸਾ ਦੀ ਵਾਰ, ਉਪਰੰਤ ਸ੍ਰੀ ਅਖੰਡਪਾਠ ਅਰੰਭ, ਸ਼ਾਮ ਸੋਦਰ ਉਪਰੰਤ ੯ ਵਜੇ ਤਕ ਅਖੰਡ ਕੀਰਤਨ; ੨੫ ਅਕਤੂਬਰ ਸਵੇਰੇ ਸਾਢੇ ਪੰਜ ਤੋਂ ਸਾਢੇ ਅਠ ਤਕ ਆਸਾ ਦੀ ਵਾਰ, ਕੀਰਤਨ ਸ਼ਾਮ ਸੋਦਰ ਪਿਛੋਂ ੯ ਵਜੇ ਤਕ ਕੀਰਤਨ; ੨੬ ਅਕਤੂਬਰ ਸਵੇਰੇ ੫ ਵਜੇ ਭੋਗ ਸ੍ਰੀ ਅਖੰਡਪਾਠ, ਉਪਰੰਤ ੧੨ ਵਜੇ ਤਕ ਅਖੰਡ ਕੀਰਤਨ, ਸ਼ਾਮ ਸੋਦਰ ਉਪਰੰਤ ੯ ਵਜੇ ਤਕ ਕੀਰਤਨ; ੨੭ ਅਕਤੂਬਰ ਸਵੇਰੇ ੫ ਤੋਂ ੧ ਵਜੇ ਦੁਪਹਿਰ ਤਕ ਕੀਰਤਨ, ਸ਼ਾਮ ੬ ਵਜੇ ਅਰੰਭ ਅੰਮ੍ਰਿਤ ਸਿੰਚਾਰ, ਸੋਦਰ ਤੋਂ ਉਪਰੰਤ ਕੀਰਤਨ ਰੈਣ ਸਬਾਈ ਅਰੰਭ, ੨੮ ਅਕਤੂਬਰ ਐਤਵਾਰ ਸਵੇਰੇ ਸਾਢੇ ਅਠ ਵਜੇ ਸਮਾਪਤੀ।

ਨੋਟ-ਰਿਹਾਇਸ਼ ਤੇ ਕੀਰਤਨ ਸਮਾਗਮ ਗੁਰਦੁਆਰਾ ਸੈਕਟਰ ੧੯-ਡੀ ਚੰਡੀਗੜ੍ਹ ਵਿਖੇ। ਲੋੜ ਅਨੁਸਾਰ ਬਿਸਤਰੇ ਲਿਆਓ ਜੀ।

ਦਾਸਰੇ—ਅਖੰਡ ਕੀਰਤਨੀ ਜਥਾ ਚੰਡੀਗੜ੍ਹ-ਮੋਹਾਲੀ

### ਘਣਗਸ (ਲੁਧਿਆਣਾ) ਵਿਖੇ ਮਾਸਕ ਰੈਣ ਸਬਾਈ ਕੀਰਤਨ

ਮਾਸਟਰ ਸਤਵੰਤ ਸਿੰਘ ਰਾਮਪੁਰ ਸੂਚਨਾ ਦਿੰਦੇ ਹਨ ਕਿ ਡਾਕਟਰ ਕੰਵਰ ਸਿੰਘ ਜੀ ਦੇ ਗ੍ਰਿਹ ਪਿੰਡ ਘਣਗਸ ਵਿਖੇ ਮਾਸਕ ਰੈਣ ਸਬਾਈ ਕੀਰਤਨ ੧੩ ਅਕਤੂਬਰ ਸ਼ਨੀਵਾਰ ਦੀ ਰਾਤ ਨੂੰ ਹੋ ਰਹੇ ਹਨ। ਪੁਜ ਕੇ ਰੰਗ ਮਾਣੋ ਜੀ।

'ਸੂਰਾ' ਮਾਸਕ ਪੱਤਰ, ਕੂਚਾ ਚਤਰ ਸਿੰਘ, ਬਜ਼ਾਰ ਮਾਈ ਸੇਵਾਂ, ਸ੍ਰੀ ਅੰਮ੍ਰਿਤਸਰ

www.AKJ.Org